# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 3.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augueest- 2024 | Published in Punjab | Pages 8


## ਕੇਰਲ 'ਚ 300 ਤੋਂ ਜ਼ਿਆਦਾ ਮੌਤਾਂ, 200 ਅਜੇ ਵੀ ਲਾਪਤਾ, ਤਲਾਸ਼ੀ ਲਈ ਉਤਾਰੇ ਗਏ 'ਰਡਾਰ ਯੰਤਰ'



ਕੇਰਲ 'ਚ ਜ਼ਮੀਨ ਖਿਸਕਣ ਕਾਰਨ ਤਬਾਹ ਹੋਏ ਪਿੰਡਾਂ ਵਿਚ ਮਲਬੇ ਹੇਠਾਂ ਫਸੇ ਲੋਕਾਂ ਦਾ ਪਤਾ ਲਾਉਣ ਲਈ ਪ੍ਰਭਾਵਿਤ ਇਲਾਕਿਆਂ 'ਚ ਡੂੰਘਾਈ ਤੱਕ ਖੋਜ ਕਰਨ ਵਿਚ ਸਮਰੱਥ ਰਡਾਰ ਯੰਤਰ ਤਾਇਨਾਤ ਕੀਤੇ ਗਏ ਹਨ। ਇਕ ਰੱਖਿਆ ਜਨ ਸੰਪਰਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕੇਰਲ ਸਰਕਾਰ ਨੇ ਪ੍ਰਭਾਵਿਤ ਇਲਾਕਿਆਂ 'ਚ ਉੱਨਤ ਰਡਾਰ ਯੰਤਰਾਂ ਨੂੰ ਤਾਇਨਾਤ ਕਰਨ ਦੀ ਬੇਨਤੀ ਕੀਤੀ ਹੈ, ਜਿਸ ਵਿਚ ਇਕ ਜੇਵਰ ਰਡਾਰ ਅਤੇ ਚਾਰ ਰੀਕੋ ਰਡਾਰ ਸ਼ਾਮਲ ਹਨ। ਇਨ੍ਹਾਂ ਰਡਾਰਾਂ ਨੂੰ ਉਨ੍ਹਾਂ ਦੇ ਸੰਚਾਲਕਾਂ ਨਾਲ ਭਾਰਤੀ ਹਵਾਈ ਫ਼ੌਜ (IAF) ਦੇ ਜਹਾਜ਼ ਤੋਂ ਦਿੱਲੀ ਲਿਆਂਦਾ ਜਾਵੇਗਾ। ਦੱਸ ਦੇਈਏ ਕਿ ਕੇਰਲ ਵਿਚ ਜ਼ਮੀਨ ਖਿਸਕਣ ਕਾਰਨ ਪ੍ਰਭਾਵਿਤ ਵਾਇਨਾਡ ਦੇ ਮੁੰਡਕੱਈ ਖੇਤਰ ਅਤੇ ਚਲਿਆਰ ਨਦੀ ਕਿਨਾਰੇ ਵਸੇ ਪ੍ਰਭਾਵਿਤ ਪਿੰਡਾਂ 'ਚ ਇਸ ਸਮੇਂ ਵੱਡੇ ਪੱਧਰ 'ਤੇ ਤਲਾਸ਼ੀ ਅਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਹੈ। ਇਸ ਖੇਤਰ ਤੋਂ ਕਈ ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਹਥਿਆਰਬੰਦ ਬਲਾਂ, ਰਾਸ਼ਟਰੀ ਆਫ਼ਤ ਮੋਚਨ ਬਲ (NDRF) ਅਤੇ ਸੂਬਾ ਐਮਰਜੈਂਸੀ ਕਰਮੀਆਂ ਦੀਆਂ ਮਾਹਰ ਟੀਮਾਂ ਮੁਹਿੰਮ 'ਚ ਸ਼ਾਮਲ ਹਨ। ਉਹ ਜੰਗੀ ਪੱਧਰ 'ਤੇ ਖੋਜ ਮੁਹਿੰਮ ਸੰਚਾਲਿਤ ਕਰ ਰਹੇ ਹਨ। ਜ਼ਮੀਨ ਖਿਸਕਣ ਕਾਰਨ ਪ੍ਰਭਾਵਿਤ ਖੇਤਰਾਂ ਵਿਚ ਰਡਾਰ ਤਾਇਨਾਤ ਕੀਤੇ ਜਾਣ ਕਾਰਨ ਬਚਾਅ ਕੰਮਾਂ ਵਿਚ ਤੇਜ਼ੀ ਆਵੇਗੀ ਅਤੇ ਮਲਬੇ ਹੇਠਾਂ ਦੱਬੇ ਵਿਅਕਤੀਆਂ ਦਾ ਪਤਾ ਲਾਉਣ ਵਿਚ ਮਦਦ ਮਿਲ ਸਕਦੀ ਹੈ। ਦੱਸਣਯੋਗ ਹੈ ਕਿ ਵਾਇਨਾਡ 'ਚ ਜ਼ਮੀਨ ਖਿਸਕਣ ਦੀ ਤ੍ਰਾਸਦੀ ਮਗਰੋਂ 5ਵੇਂ ਦਿਨ ਵੀ ਤਲਾਸ਼ੀ ਮੁਹਿੰਮ ਜਾਰੀ ਹੈ। ਹੁਣ ਤੱਕ 300 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 200 ਤੋਂ ਜ਼ਿਆਦਾ ਲੋਕ ਅਜੇ ਵੀ ਲਾਪਤਾ ਹਨ। ਹਾਲਾਂਕਿ ਰਾਹਤ ਅਤੇ ਬਚਾਅ ਵਿਚ ਲੱਗੀਆਂ ਏਜੰਸੀਆਂ ਨੇ ਹਿੰਮਤ ਨਹੀਂ ਹਾਰੀ ਹੈ। ਸ਼ੁੱਕਰਵਾਰ ਨੂੰ ਵੀ ਮਲਬੇ ਵਿਚ ਹੇਠਾਂ ਕਈ ਜ਼ਿੰਦਾ ਲੋਕਾਂ ਨੂੰ ਕੱਢਿਆ ਗਿਆ ਹੈ। ਅਜਿਹੇ ਵਿਚ ਤਕਨੀਕ ਦੀ ਮਦਦ ਨਾਲ ਤਲਾਸ਼ੀ ਮੁਹਿੰਮ ਨੂੰ ਹੋਰ ਵੀ ਤੇਜ਼ ਕੀਤਾ ਗਿਆ ਹੈ। ਮਲਬੇ ਅਤੇ ਨਦੀ ਵਿਚ ਤਲਾਸ਼ੀ ਲਈ ਉੱਨਤ ਯੰਤਰਾਂ ਅਤੇ ਖੋਜੀ ਕੁੱਤਿਆਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

## ਮੰਤਰੀ ਮੰਡਲ ਨੇ 50655 ਕਰੋੜ ਰੁਪਏ ਦੇ 8 ਨੈਸ਼ਨਲ ਹਾਈਵੇਅ ਦੇ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ



ਕੇਂਦਰ ਸਰਕਾਰ ਨੇ ਉੱਤਰ ਪ੍ਰਦੇਸ਼ ’ਚ ਅਯੁੱਧਿਆ ਅਤੇ ਕਾਨਪੁਰ ’ਚ ਰਿੰਗ ਰੋਡ ਦੇ ਨਿਰਮਾਣ ਸਮੇਤ ਕੁੱਲ 50,655 ਕਰੋੜ ਰੁਪਏ ਦੇ 8 ਨੈਸ਼ਨਲ ਹਾਈਵੇਅ ਦੇ ਪ੍ਰਾਜੈਕਟਾਂ ਦੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦੱਸ ਦੇਈਏ ਕਿ ਇਨ੍ਹਾਂ ਹਾਈਵੇਅ ਪ੍ਰਾਜੈਕਟਾਂ ਦੀ ਕੁੱਲ ਲੰਬਾਈ 936 ਕਿਲੋਮੀਟਰ ਹੈ, ਜਿਸ ਨੂੰ ਵਿਜ਼ਨ 2047 ਨੂੰ ਧਿਆਨ ’ਚ ਰੱਖਦਿਆਂ ਤਿਆਰ ਕੀਤਾ ਗਿਆ ਹੈ।ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੈਬਨਿਟ ਦੀ ਆਰਥਿਕ ਮਾਮਲਿਆਂ ਦੀ ਕਮੇਟੀ ਵਿਚ ਪ੍ਰਵਾਨ ਕੀਤੇ ਗਏ ਇਨ੍ਹਾਂ ਮਤਿਆਂ ਬਾਰੇ ਜਾਣਕਾਰੀ ਦਿੰਦਿਆਂ ਸੂਚਨਾ ਪ੍ਰਸਾਰਣ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਕਿਹਾ, ‘ਇਹ ਪ੍ਰਾਜੈਕਟ ਕੁਲ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਹਨ।' ਧਾਰਮਿਕ ਨਗਰੀ ਅਯੁੱਧਿਆ ਦੇ ਸਰਬਪੱਖੀ ਵਿਕਾਸ ਲਈ 4000 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 68 ਕਿਲੋਮੀਟਰ ਦੀ ਰਿੰਗ ਰੋਡ ਬਣਾਈ ਜਾਵੇਗੀ, ਜਿਸ ਨੂੰ ਨੇੜਿਓਂ ਲੰਘਦੇ ਮੌਜੂਦਾ ਕੌਮੀ ਮਾਰਗ ਨਾਲ ਵੀ ਜੋੜਿਆ ਜਾਵੇਗਾ।

## ਹਾਈਡ੍ਰੋਜਨ ਗੈਸ ਸਿਲੰਡਰ ਨਾਲ ਭਰੇ ਟਰੱਕ ਨੂੰ ਲੱਗੀ ਅੱਗ


ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿਚ ਮੁੰਬਈ-ਅਹਿਮਦਾਬਾਦ ਹਾਈਵੇਅ 'ਤੇ ਸ਼ੁੱਕਰਵਾਰ ਰਾਤ ਹਾਈਡ੍ਰੋਜਨ ਗੈਸ ਦੇ ਸਿਲੰਡਰ ਲੈ ਕੇ ਜਾ ਰਹੇ ਇਕ ਟਰੱਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਕਾਰਨ ਉਸ ਵਿਚ ਅੱਗ ਲੱਗ ਗੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਰਾਤ ਕਰੀਬ 2 ਵਜੇ ਦੀ ਹੈ, ਜਿਸ ਕਾਰਨ ਕੁਝ ਘੰਟਿਆਂ ਤੱਕ ਆਵਾਜਾਈ ਜਾਮ ਰਹੀ। ਉਨ੍ਹਾਂ ਨੇ ਦੱਸਿਆ ਕਿ ਹਾਦਸੇ ਵਿਚ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ। ਵਸਈ ਵਿਰਾਰ ਸ਼ਹਿਰ ਮਹਾਨਗਰ ਪਾਲਿਕਾ ਦੇ ਫਾਇਰ ਬ੍ਰਿਗੇਡ ਅਧਿਕਾਰੀ ਭੂਪੇਸ਼ ਭੋਈਰ ਨੇ ਕਿਹਾ ਕਿ ਗੁਜਰਾਤ ਤੋਂ ਮੁੰਬਈ ਹਾਈਡ੍ਰੋਜਨ ਗੈਸ ਸਿਲੰਡਰ ਲੈ ਕੇ ਜਾ ਰਿਹਾ ਟਰੱਕ ਵਸਈ ਅਤੇ ਤੁੰਗਾਰੇਸ਼ਵਰ ਫਾਟਾ ਦਰਮਿਆਨ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਕਾਰਨ ਅੱਗ ਲੱਗ ਗਈ। ਕੁਝ ਸਿਲੰਡਰ ਵੀ ਫਟ ਗਏ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਅਤੇ ਕੁਝ ਘੰਟਿਆਂ 'ਚ ਹੀ ਅੱਗ 'ਤੇ ਕਾਬੂ ਪਾ ਲਿਆ ਗਿਆ। ਅਧਿਕਾਰੀ ਨੇ ਦੱਸਿਆ ਕਿ ਜਦੋਂ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚੀ, ਉਦੋਂ ਤੱਕ ਪੂਰਾ ਇਲਾਕਾ ਅੱਗ ਦੀ ਲਪੇਟ 'ਚ ਆ ਚੁੱਕਾ ਸੀ।



## ਸਾਵਣ ਅਸ਼ਟਮੀ ਮੇਲਾ : ਹੁਣ ਲੰਗਰ ਲਗਾਉਣ ਲਈ ਲੈਣੀ ਪਵੇਗੀ ਮਨਜ਼ੂਰੀ



ਚਿੰਤਪੂਰਨੀ 'ਚ 5 ਅਗਸਤ ਤੋਂ ਸ਼ੁਰੂ ਹੋਣ ਜਾ ਰਹੇ ਸਾਵਣ ਅਸ਼ਟਮੀ ਮੇਲੇ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਧਾਰਮਿਕ ਸੰਸਥਾਵਾਂ ਵਲੋਂ ਆਯੋਜਿਤ ਕੀਤੇ ਜਾਣ ਵਾਲੇ ਲੰਗਰਾਂ ਨੂੰ ਲੈ ਕੇ ਮਾਪਦੰਡ ਤੈਅ ਕਰ ਦਿੱਤੇ ਹਨ। ਮੇਲਾ ਖੇਤਰ ਯਾਨੀ ਗਗਰੇਟ ਦੇ ਆਸ਼ਾ ਦੇਵੀ ਮੰਦਰ ਤੋਂ ਭਰਵਾਈਂ ਤੋਂ ਪਹਿਲੇ ਦਾ ਖੇਤਰ ਅਤੇ ਸ਼ੰਭੂ ਬੈਰੀਅਰ ਤੋਂ ਲੈ ਕੇ ਮਾਤਾ ਸ਼ੀਤਲਾ ਮੰਦਰ ਤੱਕ ਦੇ ਖੇਤਰ 'ਚ ਲੰਗਰ ਲਈ ਐੱਸ.ਡੀ.ਐੱਮ. ਅੰਬ ਤੋਂ ਮਨਜ਼ੂਰੀ ਲੈਣੀ ਹੋਵੇਗੀ। ਲੰਗਰ ਫੀਸ ਵੀ ਪ੍ਰਸ਼ਾਸਨ ਵਲੋਂ ਲਈ ਜਾਵੇਗੀ। ਪ੍ਰਸ਼ਾਸਨ ਨੇ ਲੰਗਰ ਫੀਸ 10 ਹਜ਼ਾਰ ਰੁਪਏ ਅਤੇ ਧਰੋਹਰ ਰਾਸ਼ੀ ਵੀ 10 ਹਜ਼ਾਰ ਰੁਪਏ ਹੀ ਤੈਅ ਕੀਤੀ ਹੈ। ਜੇਕਰ ਲੰਗਰ ਲਗਾਉਣ ਵਾਲਾ ਸੰਸਥਾ ਵਲੋਂ ਕੀਤਾ ਗਿਆ ਸਫ਼ਾਈ ਵਿਵਸਥਾ ਦਾ ਕੰਮ ਸੰਤੋਸ਼ਜਨਕ ਨਹੀਂ ਪਾਇਆ ਜਾਂਦਾ ਹੈ ਤਾਂ ਸੰਸਥਾ ਵਲੋਂ ਜਮ੍ਹਾ ਕਰਵਾਈ ਗਈ ਧਰੋਹਰ ਰਾਸ਼ੀ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਉਸੇ ਰਾਸ਼ੀ ਨਾਲ ਉਕਤ ਸਥਾਨ ਦੀ ਸਫ਼ਾਈ ਕਰਵਾਈ ਜਾਵੇਗੀ।



## ਵਾਇਨਾਡ 'ਚ 5ਵੇਂ ਦਿਨ ਵੀ ਜਾਰੀ ਬਚਾਅ ਕਾਰਜ

ਕੇਰਲ ਦੇ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਵਾਇਨਾਡ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਪੰਜਵੇਂ ਦਿਨ ਵੀ ਤਲਾਸ਼ੀ ਮੁਹਿੰਮ ਜਾਰੀ ਰਹੀ। ਮਲਬੇ ਹੇਠ ਦੱਬੇ ਲੋਕਾਂ ਨੂੰ ਕੱਢਣ ਲਈ 1,300 ਤੋਂ ਵੱਧ ਬਚਾਅ ਕਰਮਚਾਰੀ, ਭਾਰੀ ਮਸ਼ੀਨਾਂ ਅਤੇ ਅਤਿਆਧੁਨਿਕ ਉਪਕਰਨਾਂ ਨੂੰ ਇਲਾਕੇ ਵਿੱਚ ਤਾਇਨਾਤ ਕੀਤਾ ਗਿਆ ਹੈ। ਵਾਇਨਾਡ 'ਚ ਮੰਗਲਵਾਰ ਤੜਕੇ ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 210 ਲੋਕਾਂ ਦੀ ਮੌਤ ਹੋ ਗਈ ਅਤੇ 273 ਹੋਰ ਜ਼ਖ਼ਮੀ ਹੋ ਗਏ।ਕਰੀਬ 300 ਲੋਕਾਂ ਦੇ ਲਾਪਤਾ ਹੋਣ ਦਾ ਖਦਸ਼ਾ ਹੈ। ਖੋਜ ਅਤੇ ਬਚਾਅ ਕਾਰਜਾਂ ਨੂੰ ਚਲਾਉਣ ਵਿੱਚ ਮੁਹਾਰਤ ਰੱਖਣ ਵਾਲੀਆਂ ਨਿੱਜੀ ਕੰਪਨੀਆਂ ਅਤੇ ਵਾਲੰਟੀਅਰ ਵੀ ਫੌਜ, ਪੁਲਸ ਅਤੇ ਐਮਰਜੈਂਸੀ ਏਜੰਸੀਆਂ ਦੀ ਅਗਵਾਈ ਵਿੱਚ ਹਿੱਸਾ ਲੈ ਰਹੇ ਹਨ। ਜ਼ਮੀਨ ਖਿਸਕਣ ਕਾਰਨ ਮੁੰਡਕਾਈ ਅਤੇ ਚੂਰਲਮਾਲਾ ਦੇ ਰਿਹਾਇਸ਼ੀ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਵੱਡੇ ਪੱਥਰ ਅਤੇ ਦਰੱਖ਼ਤ ਡਿੱਗ ਗਏ ਹਨ, ਜਿਸ ਕਾਰਨ ਮਲਬੇ ਹੇਠਾਂ ਦੱਬੇ ਲੋਕਾਂ ਨੂੰ ਲੱਭਣਾ ਮੁਸ਼ਕਲ ਹੋ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਖੇਤਰਾਂ ਨੂੰ ਵੱਖ-ਵੱਖ ਜ਼ੋਨਾਂ ਵਿੱਚ ਵੰਡਿਆ ਸੀ। ਜੀਪੀਐੱਸ ਦੀ ਮਦਦ ਨਾਲ ਸੰਭਾਵਿਤ ਸਥਾਨਾਂ ਨੂੰ ਮੈਪ ਕੀਤਾ ਸੀ, ਜਿੱਥੇ ਬਚਾਅ ਕਾਰਜਾਂ ਦੀ ਲੋੜ ਸੀ।

## ਦਿੱਲੀ ਏਅਰਪੋਰਟ ਤੋਂ ਗੁਰੂਗ੍ਰਾਮ ਤੱਕ ਬਣਾਇਆ ਗ੍ਰੀਨ ਕੋਰੀਡੋਰ, 13 ਮਿੰਟਾਂ 'ਚ ਹਸਪਤਾਲ ਪਹੁੰਚਾਇਆ ਗਿਆ ਦਿਲ



ਭਾਰੀ ਮੀਂਹ ਅਤੇ ਟ੍ਰੈਫਿਕ ਜਾਮ ਦੌਰਾਨ ਦਿੱਲੀ ਹਵਾਈ ਅੱਡੇ ਤੋਂ ਗੁਰੂਗ੍ਰਾਮ ਦੇ ਫੋਰਟਿਸ ਹਸਪਤਾਲ ਤੱਕ ਦਿਲ ਪਹੁੰਚਾਉਣ ਲਈ ਗ੍ਰੀਨ ਕਾਰੀਡੋਰ ਬਣਾਇਆ ਗਿਆ ਅਤੇ ਸਿਰਫ 13 ਮਿੰਟਾਂ ’ਚ 18 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਗਈ। ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਰੀਬ 100 ਪੁਲਸ ਅਧਿਕਾਰੀਆਂ ਦੀ ਮਦਦ ਨਾਲ ਦਿਲ ਨੂੰ ਕੋਲਕਾਤਾ ਤੋਂ ਗੁਰੂਗ੍ਰਾਮ ਤੱਕ 4 ਘੰਟਿਆਂ ’ਚ ਪਹੁੰਚਾਇਆ ਗਿਆ, ਜਿਸ ਨਾਲ ਰੋਹਤਕ ਦੇ 34 ਸਾਲਾ ਵਿਅਕਤੀ ਦੀ ਜਾਨ ਬਚ ਗਈ। ਉਨ੍ਹਾਂ ਦੱਸਿਆ ਕਿ ਕੋਲਕਾਤਾ 'ਚ ਪੁਲਸ ਨੇ ਇਕ ਸਰਕਾਰੀ ਹਸਪਤਾਲ ਤੋਂ ਪਹਿਲੇ ਗ੍ਰੀਨ ਕੋਰੀਡੋਰ ਬਣਾਇਆ ਅਤੇ 54 ਸਾਲਾ ਔਰਤ ਨੂੰ 'ਬਰੇਨ ਡੈੱਡ' ਐਲਾਨ ਕੀਤੇ ਜਾਣ ਤੋਂ ਬਾਅਦ ਰਾਸ਼ਟਰੀ ਅੰਗ ਟਰਾਂਸਪਲਾਂਟ ਸੰਗਠਨ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਉਸ ਦੇ ਦਿਲ ਨੂੰ ਹਸਪਤਾਲ ਤੋਂ ਕੋਲਕਾਤਾ ਦੇ ਨੇਤਾਜੀ ਸੁਭਾਸ਼ ਚੰਦਰ ਬੋਸ ਕੌਮਾਂਤਰੀ ਹਵਾਈ ਅੱਡੇ ਤੱਕ ਪਹੁੰਚਾਇਆ ਗਿਆ।

# MP ਅੰਮ੍ਰਿਤਪਾਲ ਦੇ ਪਿਤਾ ਦਾ ਵੱਡਾ ਬਿਆਨ




ਪੰਥਕ ਧਿਰਾਂ ਦੀ ਬੇਨਤੀ ’ਤੇ ਵਿਚਾਰ ਕਰਦਿਆਂ ਅਸੀਂ ਸਾਂਝੇ ਤੌਰ ’ਤੇ ਰਾਏ ਕਰਕੇ 19 ਅਗਸਤ 2024 ਨੂੰ ਇਤਿਹਾਸਕ ਧਰਤੀ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆਂ ਦੇ ਮੌਕੇ ’ਤੇ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਇਕ ਵਿਸ਼ਾਲ ਪੰਥਕ ਇਕੱਤਰਤਾ/ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ ਬਾਰੇ ਵਿਚਾਰ-ਚਰਚਾ ਕੀਤੀਆਂ ਜਾ ਸਕਣ ਅਤੇ ਇਕ ਨਿਸ਼ਾਨ ਹੇਠ ਇਕੱਠੇ ਹੋ ਕੇ ਸਿੱਖ ਪੰਥ ਆਪਣੀ ਸ਼ਕਤੀ ਨੂੰ ਬੁਲੰਦ ਕਰ ਸਕੇ। ਇਸ ਦੇ ਨਾਲ ਹੀ ਸਮੇਂ ਦੀਆਂ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਨੂੰ ਥੰਮ੍ਹ ਸਕੀਏ, ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਤੇ ਸਾਰੇ ਪ੍ਰਮੁੱਖ ਮਸਲਿਆਂ ਉੱਪਰ ਵਿਚਾਰ ਕਰਨ ਅਤੇ ਅਗਲੇਰੀ ਰਣਨੀਤੀ ਤੈਅ ਕਰਨ ਲਈ ਇਸ ਕਾਨਫ਼ਰੰਸ ’ਚ ਹੁੰਮ ਹੁੰਮਾ ਕੇ ਪੁੱਜੀਏ। ਇਹ ਐਲਾਨ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਡਿਬਰੂਗੜ੍ਹ ਜੇਲ੍ਹ ’ਚੋਂ ਰਿਕਾਰਡ ਬਹੁਮਤ ਨਾਲ ਚੁਣੇ ਗਏ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਜੀ ਬਾਪੂ ਤਰਸੇਮ ਸਿੰਘ ਅਤੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਵੱਲੋਂ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤਾ ਗਿਆ। ਪੰਥਕ ਆਗੂਆਂ ਨੇ ਆਖਿਆ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੋਰ ਸੰਸਥਾ ਹੈ ਪਰ ਕੁਝ ਕਾਰਨਾਂ ਕਰਕੇ ਪਿਛਲੇ 13 ਸਾਲਾਂ ਤੋਂ ਇਸ ਸਿਰਮੌਰ ਸੰਸਥਾ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ ਤੇ ਹੁਣ ਮੌਜੂਦਾ ਸਮੇਂ ਵਿੱਚ ਕੇਂਦਰ ਸਰਕਾਰ ਦੇ ਗੁਰਦੁਆਰਾ ਚੋਣ ਕਮਿਸ਼ਨ ਨੇ ਐੱਸ. ਜੀ. ਪੀ. ਸੀ. ਦੀਆਂ ਵੋਟਾਂ ਬਣਾਉਣ ਦੀ ਪਿਛਲੇ ਕੁਝ ਸਮੇਂ ਤੋਂ ਬਕਾਇਦਾ ਪ੍ਰਕਿਰਿਆ ਆਰੰਭੀ ਹੈ ਪਰ ਫਿਲਹਾਲ ਸਿੱਖ ਸੰਗਤਾਂ ਵਿਚ ਇਨ੍ਹਾਂ ਵੋਟਾਂ ਬਣਾਉਣ ਸਬੰਧੀ ਬਹੁਤ ਘੱਟ ਉਤਸ਼ਾਹ ਵੇਖਿਆ ਗਿਆ ਹੈ, ਜੋਕਿ ਬੇਹਦ ਚਿੰਤਾ ਵਾਲੀ ਗੱਲ ਹੈ। ਸਿੱਖ ਆਗੂਆਂ ਨੇ ਦੱਸਿਆ ਕਿ ਜੇਕਰ ਪਿਛਲੇ ਅੰਕੜਿਆਂ ਵੱਲ ਵੇਖਿਆ ਜਾਵੇ ਤਾਂ 2011 ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਚੋਣਾਂ ਦੌਰਾਨ ਕਰੀਬ 52 ਲੱਖ ਵੋਟਾਂ ਸਨ, ਜਦਕਿ ਇਸ ਵਾਰ 25 ਜੁਲਾਈ 2024 ਤੱਕ ਤਕਰੀਬਨ 27.87 ਲੱਖ ਵੋਟਾਂ ਹੀ ਬਣੀਆਂ ਗਈਆਂ ਦੱਸੀਆਂ ਜਾ ਰਹੀਆਂ ਹਨ, ਭਾਵ ਕਿ ਪਿਛਲੀ ਵਾਰ ਨਾਲੋਂ 50% ਵੋਟਾਂ ਘੱਟ ਬਣੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਜਿਸ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਗੁਰੂ ਖਾਲਸਾ ਅਤੇ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਸਿੱਖ ਗੁਰਧਾਮਾਂ ਅਤੇ ਵਿੱਦਿਅਕ ਅਤੇ ਸਿਹਤ ਨਾਲ ਸੰਬੰਧਤ ਅਦਾਰਿਆਂ ਵਗੈਰਾ ਦਾ ਯੋਗ ਪ੍ਰਬੰਧ ਕਰਨਾ ਹੁੰਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਸ ਦੇ ਪ੍ਰਬੰਧਕੀ ਢਾਂਚੇ ’ਚ ਬਹੁਤ ਹੀ ਜ਼ਿਆਦਾ ਨਿਗਾਰ ਵੇਖਿਆ ਗਿਆ ਹੈ, ਜਿਸ ਦਾ ਮੁੱਖ ਕਾਰਨ ਕਾਨੂੰਨ ਮੁਤਾਬਕ ਮਿੱਥੇ ਸਮੇਂ ’ਚ ਚੋਣਾਂ ਨਾ ਹੋਣਾ ਵੀ ਪ੍ਰਮੁੱਖ ਤੌਰ ’ਤੇ ਮੰਨਿਆ ਜਾਂਦਾ ਹੈ।

# ਪੁਲਸ ਤੋਂ ਬਾਅਦ ਹੁਣ ਹੋਣਗੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਤਬਾਦਲੇ




ਪੰਜਾਬ ਸਰਕਾਰ ਵੱਲੋਂ ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਲਿਸਟ ’ਚ ਕਈ ਜ਼ਿਲ੍ਹਿਆਂ ਦੇ ਐੱਸ. ਐੱਸ. ਪੀਜ਼ ਨੂੰ ਇਧਰੋਂ-ਓਧਰ ਕਰ ਦਿੱਤਾ ਗਿਆ ਹੈ ਅਤੇ ਕਈ ਜਗ੍ਹਾ ’ਤੇ ਨਵੇਂ ਪੁਲਸ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਫ਼ੈਸਲੇ ਤੋਂ ਬਾਅਦ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਹੁਣ ਜਲਦ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਤਬਾਦਲੇ ਵੀ ਹੋਣਗੇ ਕਿਉਂਕਿ ਲੋਕ ਸਭਾ ਚੋਣ ਦੌਰਾਨ ਪੰਜਾਬ ’ਚ ਲੰਬੇ ਸਮੇਂ ਤੋਂ ਇਕ ਹੀ ਸਟੇਸ਼ਨ ’ਤੇ ਕਾਬਜ਼ ਰਹਿਣ ਦੇ ਮੱਦੇਨਜ਼ਰ ਪੁਲਸ ਪ੍ਰਸ਼ਾਸਨ ਦੇ ਕਈ ਅਧਿਕਾਰੀਆਂ ਦੀ ਟਰਾਂਸਫਰ ਕੀਤੀ ਗਈ ਸੀ।ਇਨ੍ਹਾਂ ’ਚੋਂ ਕੁੱਝ ਅਫ਼ਸਰ ਤਾਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਤੁਰੰਤ ਬਾਅਦ ਫੀਲਡ ’ਚ ਵਾਪਸੀ ਜਾਂ ਪੁਰਾਣੀ ਪੋਸਟਿੰਗ ਹਾਸਲ ਕਰਨ ’ਚ ਕਾਮਯਾਬ ਹੋ ਗਏ ਹਨ ਪਰ ਕਈ ਅਫ਼ਸਰ ਹੁਣ ਵੀ ਪ੍ਰਾਈਮ ਪੋਸਟਿੰਗ ਦਾ ਇੰਤਜ਼ਾਮ ਕਰ ਰਹੇ ਹਨ, ਜਿਸ ਦੇਰੀ ਨੂੰ ਜਲੰਧਰ ਵੈਸਟ ਸੀਟ ’ਤੇ ਹੋਈਆਂ ਵਿਧਾਨ ਸਭਾ ਉਪ ਚੋਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਹੁਣ ਇਹ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਸਰਕਾਰ ਦਾ ਫੋਕਸ ਇਕ ਵਾਰ ਟਰਾਂਸਫਰ-ਪੋਸਟਿੰਗ ਵੱਲ ਹੋ ਗਿਆ ਹੈ, ਜਿਸ ਦਾ ਨਤੀਜਾ ਸ਼ੁੱਕਰਵਾਰ ਨੂੰ ਆਲ੍ਹਾ ਪੁਲਸ ਅਧਿਕਾਰੀਆਂ ਦੇ ਤਬਾਦਲੇ ਦੀ ਲਿਸਟ ਦੇ ਰੂਪ ’ਚ ਸਾਹਮਣੇ ਆਇਆ ਹੈ।ਇਸ ’ਚ ਆਈ. ਜੀ., ਡੀ. ਆਈ. ਜੀ. ਤੋਂ ਲੈ ਕੇ ਕਈ ਐੱਸ. ਐੱਸ. ਪੀਜ਼ ਦੇ ਨਾਂ ਵੀ ਸ਼ਾਮਲ ਹਨ, ਜਿਸ ਤੋਂ ਬਾਅਦ ਤੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਧੜਕਣਾਂ ਤੇਜ਼ ਹੋ ਗਈਆਂ ਹਨ ਕਿਉਂਕਿ ਲੋਕ ਸਭਾ ਚੋਣਾਂ ਤੋਂ ਬਾਅਦ ਆਈ. ਏ. ਐੱਸ. ਅਧਿਕਾਰੀਆਂ ਦੀ ਟਰਾਂਸਫਰ ਹੋਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ’ਚ ਕਈ ਡੀ. ਸੀ. ਵੀ ਇਧਰੋਂ-ਓਧਰ ਹੋ ਸਕਦੇ ਹਨ ਜਾਂ ਕੁੱਝ ਅਫ਼ਸਰ ਚੰਡੀਗੜ੍ਹ ਤੋਂ ਫੀਲਡ ’ਚ ਲਗਾਏ ਜਾਣ ਦੀ ਸੰਭਾਵਨਾ ਹੈ। ਇਸ ਦੇ ਲਈ ਸਿਫਾਰਸ਼ ਦੇ ਨਾਲ ਲੋਕ ਸਭਾ ਚੋਣ ਦੌਰਾਨ ਡਿਪਟੀ ਕਮਿਸ਼ਨਰਾਂ ਦੀ ਪਰਫਾਰਮੈਂਸ ਰਿਪੋਰਟ ਦੇ ਆਧਾਰ ’ਤੇ ਬਣਾਉਣ ਦੀ ਗੱਲ ਸੂਤਰਾਂ ਵੱਲੋਂ ਕਹੀ ਜਾ ਰਹੀ ਹੈ।

# ਗਰਲ ਨਹੀਂ ਫਰਾਡ ਫਰੈਂਡ, ਚੱਕਰਵਿਊ 'ਚ ਫਸਿਆ ਅਮਰੀਕਾ ਤੋਂ ਆਇਆ ਵਿਅਕਤੀ



ਨਸ਼ਾ ਤਸਕਰੀ ਦੇ ਮਾਮਲੇ ਵਿਚ ਫਸਾਉਣ ਦੀ ਧਮਕੀ ਦੇ ਕੇ ਠੱਗੀ ਕਰਨ ਦੇ ਮਾਮਲੇ ਵਿਚ ਸੈਕਟਰ-17 ਥਾਣਾ ਪੁਲਸ ਵਿਚ ਤਾਇਨਾਤ ਕਾਂਸਟੇਬਲ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੋਹਾਲੀ ਦੇ ਸੈਕਟਰ-68 ਨਿਵਾਸੀ 52 ਸਾਲਾਂ ਹਰਜਿੰਦਰ ਕੌਰ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜੋ ਪੂਰੇ ਮਾਮਲੇ ਦੀ ਮਾਸਟਰਮਾਈਂਡ ਦੱਸੀ ਜਾ ਰਹੀ ਹੈ। ਥਾਣਾ ਪੁਲਸ ਨੇ ਦੋਹਾਂ ਮੁਲਜ਼ਮਾਂ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕਰਕੇ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਤਿੰਨ ਦਿਨ ਦਾ ਰਿਮਾਂਡ ਮੰਗਿਆ। ਅਦਾਲਤ ਨੇ ਦੋ ਦਿਨ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ। ਉੱਥੇ ਹੀ, ਚੰਡੀਗੜ੍ਹ ਦੀ ਐੱਸ.ਐੱਸ.ਪੀ. ਕੰਵਰਦੀਪ ਕੌਰ ਨੇ ਮੁਲਜ਼ਮ ਕਾਂਸਟੇਬਲ ਬਲਵਿੰਦਰ ਨੂੰ ਸਸਪੈਂਡ ਕਰ ਦਿੱਤਾ ਹੈ। ਮੋਹਾਲੀ ਦੇ ਸੈਕਟਰ-68 ਸਥਿਤ ਦਰਸ਼ਨ ਵਿਹਾਰ ਨਿਵਾਸੀ 78 ਸਾਲਾਂ ਹਰਪਾਲ ਸਿੰਘ ਚੀਮਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਯੂ.ਐੱਸ.ਏ. ਦਾ ਗ੍ਰੀਨ ਹੋਲਡਰ ਸੀਨੀਅਰ ਸੀਟੀਜ਼ਨ ਹੈ। ਦੋ ਮਈ ਨੂੰ ਭਾਰਤ ਆਇਆ ਸੀ। ਹਰਿੰਦਰ ਕੌਰ 6 ਸਾਲ ਤੋਂ ਉਸ ਦੇ ਨਾਲ ਲਿਵ ਇਨ ਵਿਚ ਰਹਿੰਦੀ ਹੈ। 18 ਜੁਲਾਈ ਨੂੰ ਹਰਿੰਦਰ ਦੇ ਨਾਲ ਸੈਕਟਰ-22 ਵਿਚ ਸ਼ੋਪਿੰਗ ਕਰਨ ਗਿਆ ਸੀ। ਉਸ ਨੇ ਆਪਣੀ ਗੱਡੀ ਕਿਰਨ ਸਿਨੇਮਾ ਦੀ ਪਾਰਕਿੰਗ ਵਿਚ ਖੜ੍ਹੀ ਕੀਤੀ ਸੀ। ਸ਼ੋਪਿੰਗ ਤੋਂ ਬਾਅਦ ਮਹਿਲਾ ਦੇ ਨਾਲ ਗੱਡੀ ਵਿਚ ਬੈਠਾ ਸੀ। ਕਾਂਸਟੇਬਲ ਬਲਵਿੰਦਰ ਸਿੰਘ ਸਾਧਾਰਨ ਕਪੜਿਆਂ ਵਿਚ ਇਕ ਨੌਜਵਾਨ ਦੇ ਨਾਲ ਆਇਆ ਅਤੇ ਗੱਡੀ ਦੀ ਤਲਾਸ਼ੀ ਲੈਣ ਦੀ ਗੱਲ ਕਹੀ। ਸਿਵਲ ਕੱਪੜੇ ਪਹਿਨੇ ਵਿਅਕਤੀ ਗੱਡੀ ਚੈਕਿੰਗ ਦੀ ਵੀਡੀਓ ਬਣਾਉਣ ਲੱਗਾ। ਇਸ ਦੌਰਾਨ ਸੀਟ ਦੇ ਹੇਠਾਂ ਕਾਲੇ ਲਿਫਾਫੇ ਵਿਚ ਪੈਕੇਟ ਮਿਲਿਆ ਜਿਸ ਵਿਚ ਅਫੀਮ ਬਰਾਮਦ ਹੋਈ। ਕਾਂਸਟੇਬਲ ਬਲਵਿੰਦਰ ਸਿੰਘ ਨੇ ਅਫੀਮ ਜ਼ਬਤ ਕਰਕੇ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ ਦੇ ਤਹਿਤ ਕੇਸ ਦਰਜ ਕਰਕੇ ਪੁਲਸ ਸਟੇਸ਼ਨ ਲੈ ਕੇ ਜਾਣ ਦੀ ਗੱਲ ਕਹੀ।

# ਕਿਸਾਨਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਦੇਸ਼ ਭਰ 'ਚ ਕੀਤੀ ਨਾਅਰੇਬਾਜ਼ੀ



ਆਪਣੇ ਹੱਕਾਂ ਲਈ ਦਿੱਲੀ ਜਾ ਕੇ ਸੰਘਰਸ਼ ਕਰਨ ਲਈ ਪੱਬਾਂ-ਭਾਰ ਕਿਸਾਨ ਭਰਾਵਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ’ਤੇ ਰੋਕ ਕੇ ਉਨ੍ਹਾਂ ’ਤੇ ਤਸ਼ੱਦਦ ਢਾਹੁਣ ਵਾਲੇ ਪੁਲਸ ਕਰਮਚਾਰੀਆਂ, ਅਧਿਕਾਰੀਆਂ ਨੂੰ ਕੇਂਦਰ ਸਰਕਾਰ ਵੱਲੋਂ ਸਨਮਾਨਿਤ ਕਰਨ ਦੇ ਰੋਸ ਵਜੋਂ ਸਮੁੱਚੇ ਭਾਰਤ ’ਚ ਸੰਯੁਕਤ ਕਿਸਾਨ ਮੋਰਚਾ ਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ’ਤੇ ਮੋਦੀ ਸਰਕਾਰ ਦੇ ਜਿਥੇ ਸ਼ੰਭੂ ਤੇ ਖਨੌਰੀ ਬਾਰਡਰ ਵਿਖੇ ਪੁਤਲੇ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ, ਉੱਥੇ ਦੇਸ਼ ਭਰ ’ਚ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ, ਤਾਮਿਲਨਾਡੂ, ਤੇਲਗਨਾ, ਆਂਧਰਾ ਪ੍ਰਦੇਸ਼ ਅਤੇ ਹੋਰ ਰਾਜਾਂ ’ਚ ਵੀ ਦਰਜਨਾਂ ਥਾਵਾਂ ’ਤੇ ਭਾਜਪਾ ਦੇ ਪੁਤਲੇ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ, ਸਰਵਣ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ ਤੇ ਹੋਰ ਨੇਤਾਵਾਂ ਨੇ ਦੱਸਿਆ ਕਿ ਦੇਸ਼ ਦੇ ਨਾਗਰਿਕਾਂ ’ਤੇ ਜ਼ੁਲਮ ਕਰਨ ਵਾਲੇ ਅਤੇ ਨਿਹੱਥੇ ਲੋਕਾਂ ਦੇ ਕਾਤਲ ਅਫਸਰਾਂ ਦੇ ਨਾਂ ਰਾਸ਼ਟਰਪਤੀ ਐਵਾਰਡ ਲਈ ਸਿਫਾਰਿਸ਼ ਕਰਨ ਦਾ ਮਾੜਾ ਕਾਰਾ ਕਰ ਕੇ ਭਾਜਪਾ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਭਾਰਤ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ, ਜਿਸ ਵੱਲੋਂ ਆਪਣੇ ਹੀ ਦੇਸ਼ ਦੇ ਬੇਕਸੂਰ ਨਿਹੱਥੇ ਲੋਕਾਂ ਦੇ ਕਾਤਲ ਅਫਸਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਲੋਕਤਾਂਤਰਿਕ ਦੇਸ਼ ’ਚ ਉਸ ਦੇਸ਼ ਦਾ ਸੰਵਿਧਾਨ ਲੋਕਾਂ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ ਪਰ ਕੇਂਦਰ ਸਰਕਾਰ ਦੇ ਇਸ਼ਾਰੇ ਉੱਪਰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਦਿੱਲੀ ਨੂੰ ਜਾ ਰਹੇ ਆਪਣੇ ਹੀ ਦੇਸ਼ ਦੇ ਨਾਗਰਿਕਾਂ ’ਤੇ ਖਨੌਰੀ ਅਤੇ ਸ਼ੰਭੂ ਬਾਰਡਰ ’ਤੇ 13, 14 ਅਤੇ 21 ਫਰਵਰੀ ਨੂੰ ਅਣਮਨੁੱਖੀ ਅੱਤਿਆਚਾਰ ਕਰਦਿਆਂ ਉਨ੍ਹਾਂ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ, ਜਿਨ੍ਹਾਂ ਦੇ ਇਸਤੇਮਾਲ ਦੀ ਇਜ਼ਾਜਤ ਕੋਈ ਵੀ ਅੰਤਰਰਾਸ਼ਟਰੀ ਕਾਨੂੰਨ ਨਹੀਂ ਦਿੰਦਾ ਹੈ। ਕਿਸਾਨ ਆਗੂਆਂ ਨੇ ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੁਦ ਇਸ ਮੁੱਦੇ ਉੱਪਰ ਸੂ ਮੋਟੋ ਨੋਟਿਸ ਲੈਂਦੇ ਹੋਏ ਜੁਡੀਸ਼ੀਅਲੀ ਜਾਂਚ ਕਰਵਾਏ ਕਿਉਂਕਿ ਜਿੰਨਾ ਹਰਿਆਣਾ ਸਰਕਾਰ ਦੇ ਪੁਲਸ ਮੁਲਾਜ਼ਮਾਂ ਵੱਲੋਂ ਲੋਕਾਂ ਉੱਪਰ ਅਣਮਨੁੱਖੀ ਅੱਤਿਆਚਾਰ ਕੀਤਾ ਗਿਆ ਹੈ ਅਤੇ ਸ਼ੁਭਕਰਨ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ, ਉਨ੍ਹਾਂ ਪੁਲਸ ਮੁਲਾਜ਼ਮਾਂ ਕੋਲੋਂ ਇਨਸਾਫ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਕਿਸਾਨ ਆਗੂਆਂ ਨੇ ਦੱਸਿਆ ਕਿ ਮੋਰਚੇ ਵੱਲੋਂ 15 ਅਗਸਤ ਨੂੰ ਦੇਸ਼ ਭਰ ’ਚ ਟਰੈਕਟਰ ਮਾਰਚ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਲੋਕਾਂ ਦੀ ਆਜ਼ਾਦੀ ਖੋਹਣ ਲਈ ਲਿਆਂਦੇ ਗਏ 3 ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ 31 ਅਗਸਤ ਨੂੰ ਬਾਰਡਰਾਂ ਉੱਪਰ ਮੋਰਚੇ ਦੇ 200 ਦਿਨ ਪੂਰੇ ਹੋਣ ’ਤੇ ਵੱਡੇ ਇਕੱਠ ਕੀਤੇ ਜਾਣਗੇ ਅਤੇ 1 ਸਤੰਬਰ ਤੋਂ ਲੈ ਕੇ 22 ਸਤੰਬਰ ਤੱਕ ਯੂ. ਪੀ. ਅਤੇ ਹਰਿਆਣਾ ’ਚ ਮੋਰਚੇ ਨੂੰ ਮਜ਼ਬੂਤ ਕਰਨ ਵੱਡੀਆਂ ਕਿਸਾਨ ਮਹਾ-ਪੰਚਾਇਤਾਂ ਕੀਤੀਆਂ ਜਾਣਗੀਆਂ।

# ਜੇ. ਸੀ. ਬੀ. ਲੈ ਕੇ ਪਹੁੰਚੇ ਕਿਸਾਨਾਂ ਨੇ ਢਾਹ ਦਿੱਤਾ ਪੰਜਾਬ ਦੇ ਹਾਈਵੇਅ 'ਤੇ ਲੱਗਾ ਟੋਲ ਪਲਾਜ਼ਾ



ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਬਠਿੰਡਾ-ਮਾਨਸਾ ਰੋਡ ਨੇੜੇ ਘੁੰਮਣ ਕਲਾਂ ਸੁੱਖਾ ਸਿੰਘ ਵਾਲਾ ਕੋਲ ਲੱਗਿਆ ਬੰਦ ਟੋਲ ਪਲਾਜ਼ੇ ਦਾ ਕੁੱਝ ਹਿੱਸਾ ਢਾਹ ਦਿੱਤਾ ਹੈ। ਕਿਸਾਨਾਂ ਵੱਲੋਂ ਜੇ. ਸੀ. ਬੀ. ਮਸ਼ੀਨ ਦੀ ਮਦਦ ਨਾਲ ਬੰਦ ਪਏ ਟੋਲ ਪਲਾਜ਼ਾ ਦੇ ਕਮਰੇ ਢਾਹੇ ਗਏ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਡੀ. ਸੀ. ਬਠਿੰਡਾ ਨੂੰ ਕਈ ਵਾਰ ਮੰਗ ਪੱਤਰ ਦੇ ਕੇ ਇਸ ਟੋਲ ਪਲਾਜ਼ੇ ਨੂੰ ਸੜਕ ਤੋਂ ਹਟਾਉਣ ਦੀ ਬੇਨਤੀ ਕੀਤੀ ਗਈ ਪਰ ਇਸ ਦੇ ਬਾਵਜੂਦ ਜਦੋਂ ਕੋਈ ਕਾਰਵਾਈ ਨਾ ਹੋਈ ਤਾਂ ਉਨ੍ਹਾਂ ਨੂੰ ਮਜਬੂਰ ਹੋ ਕੇ ਇਹ ਕਦਮ ਚੁੱਕਣਾ ਪਿਆ। ਕਿਸਾਨ ਆਗੂਰੇਸ਼ਮ ਸਿੰਘ ਯਾਤਰੀ, ਜਗਦੇਵ ਸਿੰਘ ਭੈਣੀ ਬਾਘਾ, ਮਖਤਿਆਰ ਸਿੰਘ ਰਾਜਗੜ੍ਹ ਕੁੱਬੇ ਨੇ ਦੱਸਿਆ ਕਿ 19 ਜੁਲਾਈ ਨੂੰ ਡੀ. ਸੀ. ਨੂੰ ਅਰਜ਼ੀ ਦੇ ਕੇ ਆਖਿਆ ਸੀ ਕਿ ਜੇਕਰ ਇਹ ਟੋਲ ਪਲਾਜ਼ਾ ਸੜਕ ਤੋਂ ਨਾ ਹਟਾਇਆ ਗਿਆ ਤਾਂ ਅਸੀਂ ਦੋ ਅਗਸਤ ਨੂੰ ਖੁਦ ਹਟਾਉਣ ਲਈ ਮਜਬੂਰ ਹੋਵਾਂਗੇ ਕਿਉਂਕਿ 2014-15 'ਚ ਜਦੋਂ ਇਹ ਟੋਲ ਪਲਾਜ਼ਾ ਗੈਰ ਕਾਨੂੰਨੀ ਢੰਗ ਨਾਲ ਜੀ. ਟੀ. ਰੋਡ 'ਤੇ ਲਗਾਇਆ ਜਾ ਰਿਹਾ ਸੀ, ਉਸ ਸਮੇਂ ਵੀ ਅਸੀਂ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਬੰਦ ਪਿਆ ਟੋਲ ਪਲਾਜ਼ਾ ਅੱਜ ਜਿੱਥੇ ਨਸ਼ੇੜੀਆਂ ਦਾ ਅੱਡਾ ਬਣ ਚੁੱਕਾ ਹੈ, ਉਥੇ ਹੀ ਇਸ ਕਾਰਣ ਵੱਡੇ ਹਾਦਸੇ ਵੀ ਵਾਪਰ ਚੁੱਕੇ ਹਨ ਜਿਸ ਕਾਰਣ ਕਈ ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ ਜਦਕਿ ਇਥੇ ਲੁੱਟਾਂ-ਖੋਹਾਂ ਵੀ ਹੋਈਆਂ ਹਨ। ਲਿਹਾਜ਼ਾ ਉਨ੍ਹਾਂ ਨੂੰ ਖੁਦ ਕਾਰਵਾਈ ਕਰਦੇ ਹੋਏ ਇਸ ਨੂੰ ਢਾਹੁਣਾ ਪਿਆ ਹੈ। ਕਿਸਾਨਾਂ ਨੇ ਕਿਹਾ ਕਿ ਪ੍ਰਸ਼ਾਸਨ ਨਾਲ ਉਨ੍ਹਾਂ ਦੀ ਸੋਮਵਾਰ 5 ਜੁਲਾਈ ਨੂੰ ਮੀਟਿੰਗ ਹੋਣ ਵਾਲੀ ਹੈ, ਜਿਸ ਤੋਂ ਬਾਅਦ ਇਸ ਦਾ ਰਹਿੰਦਾ ਹਿੱਸਾ ਵੀ ਢਾਹ ਦਿੱਤਾ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਮਾਨਸਾ, ਬਲਵਿੰਦਰ ਸਿੰਘ ਜੋਧਪੁਰ, ਅਮਰਜੀਤ ਸਿੰਘ ਯਾਤਰੀ, ਬਲਵੀਰ ਸਿੰਘ ਆਰਟਿਸਟ, ਸਮਾਜ ਸੇਵੀ ਗੁਰਸੇਵ ਸਿੰਘ ਬੁਰਜਮਾਨ, ਜਿੰਮੀ ਮੌੜ, ਗੁਰਾਂ ਦਿੱਤਾ ਸਿੰਘ ਮੈਸਰਖਾਨਾ, ਰਾਜਾ ਸਿੰਘ ਘੁੰਮਣ, ਭੋਲਾ ਸਿੰਘ ਮੌੜ, ਚੜਤ ਮਲਕੀਤ ਸਿੰਘ, ਕਰਨੈਲ ਸਿੰਘ ਯਾਤਰੀ, ਜੱਗਾ ਸਿੰਘ ਮੌੜ ਕਲਾਂ, ਮਿੱਠੂ ਸਿੰਘ ਕੁੱਬੇ, ਕਰਨੈਲ ਸਿੰਘ ਮੌੜ ਖੁਰਦ, ਪਿਆਰਾ ਸਿੰਘ ਥੰਮਣਗੜ੍ਹ, ਜਗਤਾਰ ਸਿੰਘ ਰਾਮਨਗਰ, ਹਰਪ੍ਰੀਤ ਸਿੰਘ ਬੁਰਜ, ਬਲਜੀਤ ਸਿੰਘ ਸੰਦੋਆ ਆਦਿ ਆਗੂ ਹਾਜ਼ਰ ਸਨ।

# ਪੰਜਾਬ 'ਚ ਬੰਦ ਹੋਣਗੀਆਂ ਹੈਦਰਾਬਾਦੀ ਬਰਿਆਨੀ ਦੀਆਂ ਦੁਕਾਨਾਂ !



ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਦੇ ਸੂਬਾ ਪ੍ਰਮੁੱਖ ਯੋਗਰਾਜ ਸ਼ਰਮਾ ਦੇ ਦਿਸ਼ਾ-ਨਿਰਦੇਸ਼ ’ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ’ਚ ਪਾਰਟੀ ਵੱਲੋਂ ਹੈਦਰਾਬਾਦੀ ਬਰਿਆਨੀ ਦੀਆਂ ਦੁਕਾਨਾਂ ਨੂੰ ਲੈ ਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਇਸੇ ਲੜੀ ਤਹਿਤ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵੱਲੋਂ ਰੇਖੀ ਚੌਂਕ ਸਥਿਤ ਸ਼ਿਵ ਸੈਨਾ ਮੁੱਖ ਦਫਤਰ ’ਚ ਜ਼ਿਲ੍ਹਾ ਪ੍ਰਧਾਨ ਨਿਤਿਨ ਘੰਡ, ਕਾਰਜਕਾਰੀ ਪ੍ਰਧਾਨ ਵਰੁਣ ਖੰਨਾ, ਖਜ਼ਾਨਚੀ ਯੋਗੇਸ਼ ਬਾਂਸਲ, ਯੁਵਾ ਜ਼ਿਲਾ ਪ੍ਰਮੁੱਖ ਦੀਪਕ ਰਾਣਾ ਅਤੇ ਸ਼ਹਿਰੀ ਪ੍ਰਮੁੱਖ ਬੰਟੀ ਸੋਢੀ ਦੇ ਅਗਵਾਈ ’ਚ ਇਕ ਪ੍ਰੈੱਸ ਕਾਨਫਰੰਸ ਰੱਖੀ ਗਈ।ਇਸ ਦੌਰਾਨ ਸ਼ਿਵ ਸੈਨਾ ਦੇ ਪੰਜਾਬ ਦੇ ਬੁਲਾਰੇ ਚੰਦਰਕਾਂਤ ਚੱਢਾ ਅਤੇ ਯੁਵਾ ਸੈਨਾ ਦੇ ਪੰਜਾਬ ਜਨਰਲ ਸਕੱਤਰ ਗੌਤਮ ਸੂਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ’ਚ ਪਿਛਲੇ ਕੁਝ ਸਮੇਂ ਵਿਚ ਹੈਦਰਾਬਾਦੀ ਬਰਿਆਨੀ, ਸ਼ਾਮਾ ਬਰਿਆਨੀ, ਜਾਫੀਆ ਬਰਿਆਨੀ, ਏਵਨ ਬਰਿਆਨੀ ਸਮੇਤ ਵੱਖ-ਵੱਖ ਨਾਵਾਂ ਨਾਲ ਬਰਿਆਨੀ ਦੀਆਂ ਦੁਕਾਨਾਂ ਸਾਰੇ ਸ਼ਹਿਰਾਂ ’ਚ ਵੱਡੀ ਗਿਣਤੀ ’ਚ ਖੋਲ੍ਹੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਸਾਰੇ ਬਰਿਆਨੀ ਵੇਚਣ ਵਾਲੇ ਬਾਹਰੀ ਸੂਬਿਆਂ ਸਮੇਤ ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ ਹਨ। ਉਥੇ ਪੰਜਾਬ ਦੇ ਬਾਹਰੀ ਸੂਬਿਆਂ ਤੋਂ ਉਕਤ ਬਰਿਆਨੀ ਦੀਆਂ ਦੁਕਾਨਾਂ ਚਲਾਉਣ ਵਾਲਿਆਂ ਦੀ ਪੂਰਨ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਨੂੰ ਲੈ ਕੇ ਸ਼ਿਵਸੈਨਾ ਨੇ ਵੱਡੇ ਸੰਘਰਸ਼ ਦਾ ਬਿਗੁਲ ਵਜਾਉਂਦੇ ਹੋਏ ਆਗਾਮੀ ਸੋਮਵਾਰ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡੀ.ਸੀ. ਦਫਤਰਾਂ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਮੰਗ-ਪੱਤਰ ਸੌਂਪਣ ਦਾ ਫੈਸਲਾ ਲਿਆ ਹੈ।

# ਸਲਮਾਨ ਖ਼ਾਨ-ਸੰਜੇ ਦੱਤ ਨਾਲ ਗਾਇਕ ਏਪੀ ਢਿੱਲੋਂ ਦਾ ਗੈਂਗਸਟਰ ਲੁੱਕ



ਆਪਣੇ ਗੀਤਾਂ ਨਾਲ ਮਿਊਜ਼ਿਕ ਇੰਡਸਟਰੀ 'ਚ ਪਛਾਣ ਬਣਾਉਣ ਵਾਲੇ ਪ੍ਰਸਿੱਧ ਗਾਇਕ ਤੇ ਰੈਪਰ ਏਪੀ ਢਿੱਲੋਂ ਦੇ ਗੀਤ ਨੌਜਵਾਨਾਂ 'ਚ ਕਾਫ਼ੀ ਮਸ਼ਹੂਰ ਹਨ। 'ਬ੍ਰਾਊਨ ਮੁੰਡੇ', 'ਸਮਰ ਹਾਈ' ਵਰਗੇ ਧਮਾਕੇਦਾਰ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੇ ਏਪੀ ਢਿੱਲੋਂ ਹੁਣ ਸਲਮਾਨ ਖ਼ਾਨ ਤੇ ਸੰਜੇ ਦੱਤ ਨਾਲ ਧਮਾਕਾ ਕਰਨ ਲਈ ਤਿਆਰ ਹਨ। 'ਭਾਈਜਾਨ' ਇਕ ਵਾਰ ਫਿਰ ਆਪਣੇ ਕਰੀਬੀ ਦੋਸਤ ਤੇ ਅਦਾਕਾਰ ਦੱਤ ਨਾਲ ਨਜ਼ਰ ਆਉਣਗੇ। ਗਾਇਕ ਏਪੀ ਢਿੱਲੋਂ ਨੇ ਅਪਕਮਿੰਗ ਸਿੰਗਲ ਰਿਲੀਜ਼ ਦਾ ਪੋਸਟਰ ਰਿਲੀਜ਼ ਕਰ ਦਿੱਤਾ ਹੈ, ਜਿਸ ਦੇ ਨਾਲ ਹੀ ਉਸ ਦਾ ਟਾਈਟਲ ਵੀ ਆਊਟ ਹੋ ਚੁੱਕਾ ਹੈ।

'ਓਲਡ ਮਨੀ' ਦਾ ਪੋਸਟਰ ਆਉਟ

ਏਪੀ ਢਿੱਲੋਂ ਵੱਲੋਂ ਸ਼ੇਅਰ ਕੀਤੇ ਗਏ ਪੋਸਟਰ 'ਚ ਤਿੰਨੋਂ ਸਿਤਾਰੇ ਜ਼ਬਰਦਸਤ ਲੁੱਕ 'ਚ ਨਜ਼ਰ ਆ ਰਹੇ ਹਨ। ਇਹ ਇਕ ਐਨੀਮੇਟਡ ਪੋਸਟਰ ਹੈ। ਸਲਮਾਨ ਖ਼ਾਨ ਹੱਥ 'ਚ ਪੈਸੇ ਲਈ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਚਿਹਰੇ 'ਤੇ ਸੀਰੀਅਸ ਐਕਸਪ੍ਰੈੱਸ਼ਨ ਤੇ ਅੱਖਾਂ 'ਚ ਗੁੱਸਾ ਨਜ਼ਰ ਆ ਰਿਹਾ ਹੈ। ਉਥੇ ਹੀ ਜੇਕਰ ਸੰਜੇ ਦੱਤ ਦੇ ਲੁੱਕ ਦੀ ਗੱਲ ਕਰੀਏ ਤਾਂ ਉਹ ਵੀ ਗੰਭੀਰ ਲੁੱਕ 'ਚ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਨਾਲ ਖੜ੍ਹੇ ਏਪੀ ਢਿੱਲੋਂ ਨੂੰ ਹੱਥ 'ਚ ਬੰਦੂਕ ਫੜੇ ਦੇਖਿਆ ਜਾ ਸਕਦਾ ਹੈ। ਸਲਮਾਨ, ਸੰਜੇ ਦੱਤ ਤੇ ਏਪੀ ਢਿੱਲੋਂ ਦਾ ਇਹ ਨਵਾਂ ਪ੍ਰੋਜੈਕਟ ਇਕ ਵੀਡੀਓ ਐਲਬਮ ਹੈ। ਇਸ ਦੇ ਨਾਲ ਹੀ ਗਾਇਕੀ ਤੋਂ ਬਾਅਦ ਪ੍ਰਸ਼ੰਸਕਾਂ ਨੂੰ ਏਪੀ ਢਿੱਲੋਂ ਦੀ ਅਦਾਕਾਰੀ ਵੀ ਦੇਖਣ ਨੂੰ ਮਿਲੇਗੀ।

ਸਲਮਾਨ ਨੇ ਕੀਤੀ ਤਾਰੀਫ

ਇਸ ਪੋਸਟਰ ਦੇ ਟੀਜ਼ਰ ਰਿਲੀਜ਼ ਤੋਂ ਬਾਅਦ ਜਿੱਥੇ ਤਿੰਨਾਂ ਨੂੰ ਇਕੱਠੇ ਦੇਖਣ ਲਈ ਪ੍ਰਸ਼ੰਸਕਾਂ ਦਾ ਉਤਸ਼ਾਹ ਵਧ ਗਿਆ ਹੈ, ਉੱਥੇ ਹੀ ਖੁਦ ਸਲਮਾਨ ਵੀ ਏਪੀ ਢਿੱਲੋਂ ਦੀ ਅਦਾਕਾਰੀ ਨੂੰ ਦੇਖਣ ਲਈ ਉਤਸ਼ਾਹਿਤ ਹਨ। ਇਸ ਪੋਸਟਰ ਨੂੰ ਸ਼ੇਅਰ ਕਰਦਿਆਂ ਉਨ੍ਹਾਂ ਲਿਖਿਆ, 'ਸਿੰਗਰ ਤਾਂ ਚੰਗਾ ਸੀ ਹੀ, ਹੁਣ ਐਕਟਰ ਦੇ ਤੌਰ 'ਤੇ ਏਪੀ। ਸਿੰਗਿੰਗ ਐਕਸ਼ਨ ਸਟਾਰ।' ਉੱਥੇ ਹੀ ਸੰਜੇ ਦੱਤ ਨੇ ਇਸ ਪੋਸਟਰ 'ਤੇ ਬ੍ਰਦਰਜ਼ ਲਿਖ ਕੇ ਕੁਮੈਂਟ ਕੀਤਾ ਹੈ।

# ਅਦਾਕਾਰਾ ਸਰਗੁਣ ਮਹਿਤਾ ਨੂੰ ਪਸੰਦ ਹੈ ਪੰਜਾਬੀ ਫ਼ਿਲਮ ਇੰਡਸਟਰੀ ਦਾ ਇਹ ਨਿਰਦੇਸ਼ਕ



'ਜੱਟ ਐਂਡ ਜੂਲੀਅਟ 3' ਦੀ ਸਫ਼ਲਤਾ ਤੋਂ ਬਾਅਦ ਨਿਰਦੇਸ਼ਕ ਜਗਦੀਪ ਸਿੱਧੂ ਇਸ ਸਮੇਂ ਆਪਣੇ ਨਵੇਂ ਸ਼ੋਅ 'ਦਿ ਜਗਦੀਪ ਸਿੱਧੂ ਸ਼ੋਅ' ਨੂੰ ਲੈ ਕੇ ਲਗਾਤਾਰ ਚਰਚਾ ਬਟੋਰ ਰਹੇ ਹਨ। 13 ਜੁਲਾਈ ਤੋਂ ਸ਼ੁਰੂ ਹੋਏ ਇਸ ਸ਼ੋਅ 'ਚ ਹੁਣ ਤੱਕ ਕਾਫ਼ੀ ਮਸ਼ਹੂਰ ਹਸਤੀਆਂ ਹਾਜ਼ਰੀ ਲਵਾ ਚੁੱਕੀਆਂ ਹਨ। ਹੁਣ 3 ਅਗਸਤ ਨੂੰ ਪੇਸ਼ ਕੀਤੇ ਜਾਣ ਵਾਲੇ ਐਪੀਸੋਡ 'ਚ ਜਾਣੀ-ਮਾਣੀ ਅਦਾਕਾਰਾ ਸਰਗੁਣ ਮਹਿਤਾ ਨਜ਼ਰ ਆਵੇਗੀ। ਇਸ ਤੋਂ ਪਹਿਲਾਂ ਨਿਰਦੇਸ਼ਕ ਜਗਦੀਪ ਸਿੱਧੂ ਇਸ ਐਪੀਸੋਡ ਦੀਆਂ ਕੁੱਝ ਝਲਕੀਆਂ ਸਾਂਝੀਆਂ ਕਰਦੇ ਨਜ਼ਰੀ ਪਏ, ਜਿਸ 'ਚ ਉਹ ਅਦਾਕਾਰਾ ਤੋਂ ਉਸ ਦੇ ਪਸੰਦ ਦੇ ਨਿਰਦੇਸ਼ਕ ਬਾਰੇ ਪੁੱਛ ਦੇ ਹਨ। ਇਸ ਪ੍ਰਸ਼ਨ ਦਾ ਬਿਨ੍ਹਾਂ ਕਿਸੇ ਦੇਰੀ ਲਾਏ ਅਦਾਕਾਰਾ ਝਟਪਟ ਜਵਾਬ ਦਿੰਦਿਆਂ ਕਿਹਾ- ਮੇਰੇ ਪਸੰਦ ਦਾ ਨਿਰਦੇਸ਼ਕ ਜਗਦੀਪ ਸਿੱਧੂ ਹੈ, ਹਾਲਾਂਕਿ ਸ਼ੋਅ ਦੇ ਹੋਸਟ ਯਾਨੀ ਕਿ ਖੁਦ ਜਗਦੀਪ ਸਿੱਧੂ ਇਸ ਦਾ ਜਵਾਬ ਸੁਣ ਕੇ ਹੈਰਾਨ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਤਾਂ ਬਹੁਤ ਹੀ ਜਲਦੀ ਜਵਾਬ ਦੇ ਦਿੱਤਾ। ਦੱਸ ਦੇਈਏ ਕਿ ਨਿਰਦੇਸ਼ਕ-ਲੇਖਕ ਜਗਦੀਪ ਸਿੱਧੂ ਨਾਲ ਸਰਗੁਣ ਮਹਿਤਾ ਨੇ 'ਕਿਸਮਤ' ਅਤੇ 'ਮੋਹ' ਵਰਗੀਆਂ ਸ਼ਾਨਦਾਰ ਫ਼ਿਲਮਾਂ ਕੀਤੀਆਂ ਹਨ, ਜਿਸ ਦੀ ਆਲੋਚਕਾਂ ਅਤੇ ਦਰਸ਼ਕਾਂ ਦੋਵਾਂ ਵੱਲੋਂ ਕਾਫੀ ਪ੍ਰਸ਼ੰਸਾ ਹੋਈ ਸੀ। ਹੁਣ ਇਸ ਦੌਰਾਨ ਜੇਕਰ ਸਰਗੁਣ ਮਹਿਤਾ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਪਿਛਲੀ ਵਾਰ ਅਦਾਕਾਰਾ ਫ਼ਿਲਮ 'ਜੱਟ ਨੂੰ ਚੁੜੈਲ ਟੱਕਰੀ' 'ਚ ਗਿੱਪੀ ਗਰੇਵਾਲ ਅਤੇ ਰੂਪੀ ਗਿੱਲ ਨਾਲ ਨਜ਼ਰ ਆਈ ਸੀ। ਇਸ ਤੋਂ ਇਲਾਵਾ ਅਦਾਕਾਰਾ ਕੋਲ ਕਈ ਫ਼ਿਲਮਾਂ ਰਿਲੀਜ਼ ਲਈ ਤਿਆਰ ਹਨ, ਜਿਸ 'ਚ ਗਿੱਪੀ ਗਰੇਵਾਲ ਦੀ ਹੀ 'ਕੈਰੀ ਆਨ ਜੱਟੀਏ' ਅਤੇ ਗਿੱਪੀ ਗਰੇਵਾਲ ਨਾਲ ਹੀ ਇੱਕ ਹੋਰ 'ਸਰਬਾਲ੍ਹਾ ਜੀ' ਸ਼ਾਮਲ ਹਨ। ਹਾਲ ਹੀ 'ਚ ਅਦਾਕਾਰਾ ਨੇ 'ਸ਼ੌਂਕਣ ਸ਼ੌਂਕਣੇ 2' ਦੇ ਸੈੱਟ ਤੋਂ ਵੀ ਵੀਡੀਓ ਸਾਂਝੀ ਕੀਤੀ ਸੀ। ਇਸ ਫ਼ਿਲਮ ਦੇ ਅਗਲੇ ਸਾਲ ਰਿਲੀਜ਼ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

# ਸਰਬਜੀਤ ਵਿਰਦੀ ਦਾ ਦਿਹਾਂਤ, ਗਾਇਕ ਸੁਖਵਿੰਦਰ ਸੁੱਖੀ ਨੇ ਜਤਾਇਆ ਦੁੱਖ



ਪੰਜਾਬੀ ਮਨੋਰੰਜਨ ਜਗਤ ਤੋਂ ਇੱਕ ਤੋਂ ਬਾਅਦ ਇੱਕ ਬੁਰੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਹੁਣ ਖ਼ਬਰ ਇਹ ਹੈ ਕਿ ਸੰਗੀਤ, ਸੱਭਿਆਚਾਰ ਅਤੇ ਦੇ ਖੇਤਰ ‘ਚ ਕੰਮ ਕਰਨ ਵਾਲੀ ਸ਼ਖਸੀਅਤ ਸਰਬਜੀਤ ਵਿਰਦੀ ਦਾ ਦਿਹਾਂਤ ਹੋ ਗਿਆ ਹੈ, ਜਿਸ ਬਾਰੇ ਗਾਇਕ ਸੁਖਵਿੰਦਰ ਸੁੱਖੀ ਨੇ ਇੱਕ ਭਾਵੁਕ ਨੋਟ ਸਾਂਝਾ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਬਜੀਤ ਵਿਰਦੀ ਦੇ ਸੰਗੀਤ ਅਤੇ ਸੱਭਿਆਚਾਰ ਦੇ ਖੇਤਰ ‘ਚ ਪਾਏ ਗਏ ਯੋਗਦਾਨ ਨੂੰ ਵੀ ਯਾਦ ਕੀਤਾ ਹੈ। ਹਾਲਾਂ ਕਿ ਸਰਬਜੀਤ ਵਿਰਦੀ ਦਾ ਦਿਹਾਂਤ ਕੁਝ ਦਿਨ ਪਹਿਲਾਂ ਹੋਇਆ ਸੀ। ਗਾਇਕ ਸੁਖਵਿੰਦਰ ਸੁੱਖੀ ਨੇ ਲਿਖਿਆ, ''ਬਹੁਤ ਦੁੱਖ ਹੋਇਆ ਜਦੋਂ ਪਤਾ ਲੱਗਿਆ ਕਿ ਸੰਗੀਤ ਅਤੇ ਸੱਭਿਆਚਾਰਕ ਖੇਤਰ ਲਈ ਅਣਥੱਕ ਮਿਹਨਤ ਕਰਨ ਵਾਲੀ ਸਖਸ਼ੀਅਤ ਸਰਬਜੀਤ ਵਿਰਦੀ ਇਸ ਦੁਨੀਆ 'ਚ ਨਹੀਂ ਰਹੇ। ਸੰਗੀਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ। ਵਿਰਦੀ ਸਾਹਿਬ ਹਮੇਸ਼ਾ ਸਾਡੇ ਦਿਲ 'ਚ ਜਿਉਂਦੇ ਰਹਿਣਗੇ। ਪ੍ਰਮਾਤਮਾ ਇਨ੍ਹਾਂ ਦੀ ਰੂਹ ਚਰਨਾਂ 'ਚ ਨਿਵਾਸ ਬਖਸ਼ੇ।'' ਜਿਉਂ ਹੀ ਸੁਖਵਿੰਦਰ ਸੁੱਖੀ ਨੇ ਇਸ ਪੋਸਟ ਨੂੰ ਸਾਂਝਾ ਕੀਤਾ ਤਾਂ ਹਰ ਕਿਸੇ ਨੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।ਸੁਖਵਿੰਦਰ ਸੁੱਖੀ ਦੇ ਵਰਕ ਫ੍ਰੰਟ ਦੀ ਗੱਲ ਕਰੀਏ ਤਾਂ ਉਹ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਇੰਡਸਟਰੀ 'ਚ ਸਰਗਰਮ ਹਨ ਅਤੇ ਇੱਕ ਤੋਂ ਬਾਅਦ ਹਿੱਟ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਦੇ ਆ ਰਹੇ ਹਨ। ਹਾਲ ਹੀ 'ਚ ਉਹ ਇੱਕ ਫ਼ਿਲਮ 'ਚ ਵੀ ਨਜ਼ਰ ਆਏ ਸਨ।

# ਮਨਮੋਹਨ ਵਾਰਸ ਦਾ ਅੱਜ ਹੈ ਜਨਮ ਦਿਨ



ਮਨਮੋਹਨ ਵਾਰਿਸ ਪੰਜਾਬੀ ਇੰਡਸਟਰੀ ਦਾ ਉਹ ਜਾਣਿਆ ਮਾਣਿਆ ਗਾਇਕ ਹੈ, ਜੋ ਕਿਸੇ ਪਛਾਣ ਦਾ ਮੋਹਤਾਜ ਨਹੀਂ ਹੈ। ਮਨਮੋਹਨ ਵਾਰਿਸ ਉਨ੍ਹਾਂ ਪੰਜਾਬੀ ਕਲਾਕਾਰਾਂ ਵਿੱਚੋਂ ਇੱਕ ਹਨ, ਜੋ ਆਪਣੀ ਸਾਫ ਸੁਥਰੀ, ਵਿਰਸੇ ਤੇ ਸੱਭਿਆਚਾਰ ਨਾਲ ਜੁੜੀ ਅਰਥ ਭਰਪੂਰ ਗਾਇਕੀ ਲਈ ਜਾਣੇ ਜਾਂਦੇ ਹਨ। ਅੱਜ ਮਨਮੋਹਨ ਵਾਰਿਸ ਆਪਣਾ ਜਨਮਦਿਨ ਮਨਾ ਰਹੇ ਹਨ। ਉਨ੍ਹਾਂ ਦੇ ਜਨਮ ਦਿਨ 'ਤੇ ਅੱਜ ਅਸੀਂ ਤੁਹਾਨੂੰ ਉਨ੍ਹਾਂ ਦੇ ਮਿਊਜ਼ਿਕ ਕਰੀਅਰ ਦੇ ਬਾਰੇ ਦੱਸਾਂਗੇ। ਪਿੰਡ ਹੱਲੂਵਾਲ 'ਚ ਪੈਦਾ ਹੋਏ ਮਨਮੋਹਨ ਵਾਰਿਸ ਨੂੰ ਕਿਸੇ ਵੀ ਤਰ੍ਹਾਂ ਕੋਈ ਨਸ਼ਾ ਨਹੀਂ ਕਰਦੇ ਅਤੇ ਨਾ ਹੀ ਉਹਨਾਂ ਦੇ ਪਿਤਾ ਜੀ ਨੂੰ ਕਿਸੇ ਤਰ੍ਹਾਂ ਦੇ ਨਸ਼ੇ ਦਾ ਸ਼ੌਂਕ ਸੀ। ਉਹ ਸਿੱਧੀ ਸਾਦੀ ਜ਼ਿੰਦਗੀ ਜਿਉਣਾ ਪਸੰਦ ਕਰਦੇ ਹਨ । ਜੱਟ ਪਰਿਵਾਰ 'ਚ ਪੈਦਾ ਹੋਏ ਮਨਮੋਹਨ ਵਾਰਿਸ ਨੂੰ ਦਹੀਂ ਖਾਣਾ ਤੇ ਲੱਸੀ ਪੀਣੀ ਬਹੁਤ ਜ਼ਿਆਦਾ ਪਸੰਦ ਹੈ। ਉਨ੍ਹਾਂ ਨੇ ਇੱਕ ਇੰਟਰਵਿਊ 'ਚ ਦੱਸਿਆ ਸੀ ਕਿ ਉਹ ਅਜਿਹੇ ਇਨਸਾਨ ਹਨ ਜਿਨ੍ਹਾਂ ਨੇ ਕਦੇ ਵੀ ਘਰ ਦੇ ਖਾਣੇ 'ਚ ਕੋਈ ਨੁਕਸ ਨਹੀਂ ਕੱਢਿਆ ਅਤੇ ਘਰ 'ਚ ਜੋ ਵੀ ਕੁਝ ਬਣਦਾ ਸੀ ਉਹ ਸੱਤ ਵਚਨ ਕਹਿ ਕੇ ਖਾ ਲੈਂਦੇ ਹਨ ।

ਉਨ੍ਹਾਂ ਨੇ 11 ਸਾਲ ਦੀ ਉਮਰ ਵਿੱਚ ਆਪਣੀ ਰਸਮੀ ਸੰਗੀਤ ਦੀ ਸਿਖਲਾਈ ਸ਼ੁਰੂ ਕੀਤੀ । ਬਤੌਰ ਸੰਗੀਤ ਅਧਿਆਪਕ ਉਨ੍ਹਾਂ ਨੇ ਆਪਣੇ ਛੋਟੇ ਭਰਾ ਸੰਗਤਾਰ ਅਤੇ ਕਮਲ ਹੀਰ ਨੂੰ ਵੀ ਸੰਗੀਤ ਦੀ ਸਿਖਲਾਈ ਦਿੱਤੀ। ਇਸ ਤਰ੍ਹਾਂ ਵਾਰਿਸ ਕਾਫੀ ਛੋਟੀ ਉਮਰ ਯਾਨਿ ਬਚਪਨ 'ਚ ਹੀ ਮਿਊਜ਼ਿਕ ਟੀਚਰ ਬਣ ਗਏ ਸੀ। ਇਸ ਤਰ੍ਹਾਂ ਤਿੰਨੇ ਭਰਾ ਬਹੁਤ ਹੀ ਛੋਟੀ ਉਮਰ 'ਚ ਗਾਇਕ ਬਣ ਗਏ ਸੀ ਅਤੇ ਗਾਇਕੀ ਦੇ ਖੇਤਰ 'ਚ ਕਿਸਮਤ ਅਜ਼ਮਾਉਣ ਲੱਗੇ। ਦੱਸ ਦਈਏ ਕਿ ਮਨਮੋਹਨ ਵਾਰਿਸ ਨੇ ਪੰਜਾਬ ਯੂਨੀਵਰਸਿਟੀ ਤੋਂ ਸੰਗੀਤ ਦੀ ਡਿਗਰੀ ਹਾਸਿਲ ਕੀਤੀ ਹੈ।

**ਵਿਵਾਦਾਂ ਤੋਂ ਦੂਰ**

ਮਨਮੋਹਨ ਵਾਰਿਸ ਵਿਵਾਦਾਂ ਤੇ ਰੌਲੇ ਰੱਪੇ ਤੋਂ ਦੂਰ ਰਹਿਣਾ ਪਸੰਦ ਕਰਦੇ ਹਨ । 1990 'ਚ ਕੈਨੇਡਾ ਗਏ ਸਨ ਅਤੇ ਉੱਥੇ ਹੀ ਜਾ ਕੇ ਸੈਟਲ ਹੋ ਗਏ । ਹਾਲਾਂਕਿ ਕੈਨੇਡਾ 'ਚ ਸੈਟਲ ਹੋਣ ਦੇ ਲਈ ਉਨ੍ਹਾਂ ਨੇ ਬੜੀ ਮਿਹਨਤ ਕੀਤੀ । ਮਨਮੋਹਨ ਵਾਰਿਸ ਵੱਡੇ ਜ਼ਿਮੀਂਦਾਰਾਂ ਦੇ ਘਰ ਪੈਦਾ ਹੋਏ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜੇ ਗਾਇਕ ਨਾ ਹੁੰਦੇ ਤਾਂ ਆਪਣੀ ਖੇਤੀਬਾੜੀ ਸਾਂਭਦੇ । 1983 'ਚ ਮਨਮੋਹਨ ਵਾਰਿਸ ਦਸਵੀਂ 'ਚ ਪੜ੍ਹਦੇ ਸਨ ਅਤੇ ਇਸੇ ਦੌਰਾਨ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਚੇਤਕ ਸਕੂਟਰ ਲੈ ਕੇ ਦਿੱਤਾ ਸੀ ।

**1990 'ਚ ਕੈਨੇਡਾ ਸ਼ਿਫਟ ਹੋਇਆ ਪਰਿਵਾਰ**

ਮਨਮੋਹਨ ਵਾਰਿਸ ਜਦੋਂ 23 ਸਾਲਾਂ ਦੇ ਸੀ, ਤਾਂ 1990 'ਚ ਉਨ੍ਹਾਂ ਦਾ ਪਰਿਵਾਰ ਕੈਨੇਡਾ ਸ਼ਿਫਟ ਹੋ ਗਿਆ ਸੀ। ਕੈਨੇਡਾ 'ਚ ਰਹਿੰਦੇ ਹੀ ਸਾਲ 1993 'ਚ ਉਨ੍ਹਾਂ ਨੇ ਅਪਣੀ ਪਹਿਲੀ ਐਲਬਮ ਰਿਲੀਜ਼ ਕੀਤੀ ਸੀ। ਇਹ ਐਲਬਮ ਸੀ 'ਗੈਰਾਂ ਨਾਲ ਪੀਂਘਾਂ ਝੂਟਦੀਏ'। ਆਪਣੀ ਪਹਿਲੀ ਹੀ ਐਲਬਮ ਤੋਂ ਮਨਮੋਹਨ ਵਾਰਿਸ ਸਟਾਰ ਬਣ ਕੇ ਉੱਭਰੇ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਸੀ। ਸਾਲ 1998 ਮਨਮੋਹਨ ਵਾਰਿਸ ਲਈ ਬਹੁਤ ਵੱਡਾ ਟਰਨਿੰਗ ਪੁਆਇੰਟ ਸਾਬਤ ਹੋਇਆ। ਇਸੇ ਸਾਲ ਉਨ੍ਹਾਂ ਦਾ ਗਾਣਾ 'ਕਿਤੇ ਕੱਲੀ ਬਹਿ ਕੇ ਸੋਚੀ ਨੀ' ਰਿਲੀਜ਼ ਹੋਇਆ ਸੀ। ਇਹ ਉਹ ਗੀਤ ਹੈ ਜਿਸ ਨੂੰ ਪੰਜਾਬੀ ਇੰਡਸਟਰੀ ਦੇ ਆਲ ਟਾਈਮ ਹਿੱਟ ਗੀਤਾਂ 'ਚ ਗਿਣਿਆ ਜਾਂਦਾ ਹੈ।ਇਸ ਗਾਣੇ ਤੋਂ ਬਾਅਦ ਮਨਮੋਹਨ ਵਾਰਿਸ ਸੁਪਰਸਟਾਰ ਬਣ ਗਏ ਸੀ। ਉਨ੍ਹਾਂ ਨੇ ਟਿਪਸ ਮਿਊਜ਼ਿਕ ਕੰਪਨੀ ਨਾਲ ਕਰਾਰ ਵੀ ਸਾਈਨ ਕੀਤਾ ਸੀ। ਇਸ ਤੋਂ ਬਾਅਦ ਮਨਮੋਹਨ ਵਾਰਿਸ ਨੇ ਟਿਪਸ ਮਿਊਜ਼ਿਕ ਨਾਲ ਦੋ ਐਲਬਮਾਂ ਰਿਲੀਜ਼ ਕੀਤੀਆਂ ਤੇ ਦੋਵੇਂ ਹੀ ਐਲਬਮਾਂ ਜ਼ਬਰਦਸਤ ਹਿੱਟ ਹੋਈਆਂ ਸੀ।

**ਭਰਾ ਕਮਲ ਹੀਰ ਨਾਲ ਮਿਲ ਕੇ ਆਪਣੀ ਮਿਊਜ਼ਿਕ ਕੰਪਨੀ ਸ਼ੁਰੂ ਕੀਤੀ**


ਇੰਡਸਟਰੀ 'ਚ ਪੈਰ ਜਮਾਉਣ ਤੋਂ ਬਾਅਦ ਮਨਮੋਹਨ ਵਾਰਿਸ ਨੇ ਆਪਣੇ ਛੋਟੇ ਭਰਾਵਾਂ ਕਮਲ ਹੀਰ ਤੇ ਸੰਗਤਾਰ ਨਾਲ ਮਿਲ ਕੇ ਆਪਣੀ ਮਿਊਜ਼ਿਕ ਕੰਪਨੀ 'ਲੈਵਲ ਪਲਾਜ਼ਮਾ ਰਿਕਾਰਡਜ਼' ਸ਼ੁਰੂ ਕੀਤੀ। ਆਪਣੀ ਮਿਊਜ਼ਿਕ ਕੰਪਨੀ ਦੇ ਲੇਬਲ ਹੇਠ ਵਾਰਿਸ ਨੇ ਆਪਣੀ ਅਗਲੀ ਐਲਬਮ 'ਨੱਚੀਏ ਮਜਾਜਣੇ' 2004 'ਚ ਰਿਲੀਜ਼ ਕੀਤੀ। ਇਹ ਐਲਬਮ ਜ਼ਬਰਦਸਤ ਹਿੱਟ ਸਾਬਤ ਹੋਈ। ਇਸ ਤੋਂ ਬਾਅਦ ਮਨਮੋਹਨ ਵਾਰਿਸ ਨੇ ਹੋਰ ਵੀ ਕਈ ਹਿੱਟ ਤੇ ਯਾਦਗਾਰੀ ਗਾਣੇ ਇੰਡਸਟਰੀ ਨੂੰ ਦਿੱਤੇ, ਜੋ ਅੱਜ ਤੱਕ ਲੋਕਾਂ ਦੀ ਜ਼ੁਬਾਨ 'ਤੇ ਹਨ।

# ਅਦਾਕਾਰਾ ਨੀਰੂ ਬਾਜਵਾ ਨੇ ਵਧਾਇਆ ਪਾਰਾ, ਹੌਟ ਲੁੱਕ ਫਲਾਂਟ ਕਰਦਿਆਂ ਦਿੱਤੇ ਅਜਿਹੇ ਪੋਜ਼



ਮਸ਼ਹੂਰ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਅਕਸਰ ਆਪਣੀ ਅਦਾਕਾਰੀ ਅਤੇ ਖੂਬਸੂਰਤੀ ਨੂੰ ਲੈ ਕੇ ਹਮੇਸ਼ਾ ਹੀ ਸੁਰਖੀਆਂ 'ਚ ਬਣੀ ਰਹਿੰਦੀ ਹੈ। ਨੀਰੂ ਬਾਜਵਾ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ। ਉਹ ਅਕਸਰ ਹੀ ਆਪਣੀ ਤਸਵੀਰਾਂ ਤੇ ਵੀਡੀਓਜ਼ ਨਾਲ-ਨਾਲ ਆਪਣੀ ਪਰਸਨਲ ਤੇ ਪ੍ਰੋਫੈਸ਼ਨਲ ਲਾਈਫ ਨਾਲ ਜੁੜੇ ਅਪਡੇਟਸ ਫੈਨਜ਼ ਨਾਲ ਸ਼ੇਅਰ ਕਰਦੀ ਰਹਿੰਦੀ ਹੈ। ਹਾਲ ਹੀ 'ਚ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ 'ਚ ਨੀਰੂ ਬਾਜਵਾ ਦਾ ਹੌਟ ਲੁੱਕ ਵੇਖਣ ਨੂੰ ਮਿਲ ਰਿਹਾ ਹੈ।ਦੱਸ ਦਈਏ ਕਿ ਪੰਜਾਬੀ ਫ਼ਿਲਮ ਉਦਯੋਗ ਦੀ ਮਲਟੀ ਟੈਲੇਂਟਡ ਅਦਾਕਾਰਾ ਨੀਰੂ ਬਾਜਵਾ ਨੇ ਆਪਣੀ ਖ਼ੂਬਸੂਰਤੀ ਨਾਲ ਕਰੋੜਾਂ ਲੋਕਾਂ ਨੂੰ ਦੀਵਾਨਾ ਬਣਾਇਆ ਹੈ। ਵਧਦੀ ਉਮਰ ਦੇ ਨਾਲ, ਉਹ ਪਹਿਲੇ ਨਾਲੋਂ ਵਧੇਰੇ ਸੁੰਦਰ ਹੁੰਦੀ ਜਾ ਰਹੀ ਹੈ। ਉਹ ਨਾ ਸਿਰਫ ਆਪਣੀ ਅਦਾਕਾਰੀ ਦੀ ਕੁਸ਼ਲਤਾ ਨਾਲ, ਬਲਕਿ ਆਪਣੀ ਸਟਾਈਲਿਸ਼ ਗੇਮ ਨਾਲ ਵੀ ਪ੍ਰਸ਼ੰਸਕਾਂ ਨੂੰ ਪ੍ਰਭਾਵਿਤ ਕਰਦੀ ਹੈ। ਨੀਰੂ ਬਾਜਵਾ ਨੇ ਹਾਲ ਹੀ 'ਚ ਇੰਸਟਾਗ੍ਰਾਮ 'ਤੇ ਕਈ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਨ੍ਹਾਂ ਤਸਵੀਰਾਂ 'ਚ ਉਹ ਬੇਹੱਦ ਖ਼ੂਬਸੂਰਤ ਲੱਗ ਰਹੀ ਹੈ। ਦੱਸ ਦਈਏ ਕਿ ਬੀਤੇ ਦਿਨੀਂ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਜਿੰਮ 'ਚ ਵਰਕਆਊਟ ਕਰਦਿਆਂ ਦੀ ਇਕ ਵੀਡੀਓ ਸਾਂਝੀ ਕੀਤੀ ਸੀ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਨੀਰੂ ਬਾਜਵਾ ਨੇ ਕੈਪਸ਼ਨ 'ਚ ਲਿਖਿਆ ਸੀ, '' #birthdaymonth has begun ! ❤️ #stronger 💪 every day! Don’t forget to smile and dance in between workout!''

# ਆਸਕਰ ਲਾਇਬ੍ਰੇਰੀ 'ਚ ਪਹੁੰਚੀ ਧਨੁਸ਼ ਦੀ 'ਰਾਯਨ', ਸੂਚੀ 'ਚ ਪਹਿਲਾਂ ਹੀ ਸ਼ਾਮਲ ਨੇ ਇਹ 15 ਭਾਰਤੀ ਫ਼ਿਲਮਾਂ



ਤਾਮਿਲ ਫ਼ਿਲਮਾਂ ਦੇ ਸੁਪਰਸਟਾਰ ਧਨੁਸ਼ ਇਨ੍ਹੀਂ ਦਿਨੀਂ ਆਪਣੀ ਬਾਲਗ ਸ਼੍ਰੇਣੀ ਦੀ ਐਕਸ਼ਨ ਨਾਲ ਭਰਪੂਰ ਫ਼ਿਲਮ 'ਰਾਯਨ' ਨੂੰ ਲੈ ਕੇ ਸੁਰਖੀਆਂ 'ਚ ਹਨ। ਫ਼ਿਲਮ 'ਰਾਯਨ' 26 ਜੁਲਾਈ ਨੂੰ ਬਾਕਸ ਆਫਿਸ 'ਤੇ ਰਿਲੀਜ਼ ਹੋਈ ਸੀ। ਫ਼ਿਲਮ 'ਰਾਯਨ' ਨੇ ਇੱਕ ਹਫ਼ਤੇ 'ਚ ਦੁਨੀਆ ਭਰ ਦੇ ਬਾਕਸ ਆਫਿਸ 'ਤੇ 100 ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਕਰ ਲਿਆ ਹੈ। 2 ਅਗਸਤ ਨੂੰ 'ਰਾਯਨ' ਆਪਣੀ ਰਿਲੀਜ਼ ਦੇ 8ਵੇਂ ਦਿਨ 'ਚ ਹੈ। ਇਸ ਦੌਰਾਨ ਫ਼ਿਲਮ 'ਰਾਯਨ' ਨੂੰ ਲੈ ਕੇ ਚੰਗੀ ਖਬਰ ਆਈ ਹੈ। ਫ਼ਿਲਮ 'ਰਾਯਨ' ਨੂੰ ਆਸਕਰ ਲਾਇਬ੍ਰੇਰੀ 'ਚ ਥਾਂ ਮਿਲੀ ਹੈ।

**ਮੇਕਰਸ ਨੇ ਸ਼ੇਅਰ ਕੀਤੀ ਖੁਸ਼ਖਬਰੀ**

ਫ਼ਿਲਮ 'ਰਾਯਨ' ਦੇ ਨਿਰਮਾਤਾ 'ਸਨ ਪਿਕਚਰਜ਼' ਨੇ ਆਪਣੇ ਆਫੀਸ਼ੀਅਲ ਪੇਜ 'ਤੇ ਧਨੁਸ਼ ਦੇ ਪ੍ਰਸ਼ੰਸਕਾਂ ਲਈ ਇਹ ਖੁਸ਼ਖਬਰੀ ਸਾਂਝੀ ਕੀਤੀ ਹੈ। ਇਸ ਖੁਸ਼ਖਬਰੀ ਨੂੰ ਸਾਂਝਾ ਕਰਦੇ ਹੋਏ 'ਸਨ ਪਿਕਚਰਜ਼' ਨੇ ਲਿਖਿਆ ਹੈ, 'ਰਾਯਨ' ਦੇ ਸਕਰੀਨਪਲੇ ਨੂੰ ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼ ਦੀ ਲਾਇਬ੍ਰੇਰੀ 'ਚ ਜਗ੍ਹਾਂ ਮਿਲੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਕਈ ਫ਼ਿਲਮਾਂ ਆਸਕਰ ਲਾਇਬ੍ਰੇਰੀ ਵਿੱਚ ਜਗ੍ਹਾਂ ਬਣਾ ਚੁੱਕੀਆਂ ਹਨ।

**'ਰਾਯਨ' ਦਾ ਪਹਿਲੇ ਹਫਤੇ ਦਾ ਕਲੈਕਸ਼ਨ**

'ਰਾਯਨ' ਨੇ 16.50 ਕਰੋੜ ਰੁਪਏ ਇਕੱਠੇ ਕੀਤੇ। ਦੂਜੇ ਦਿਨ 16.75 ਕਰੋੜ, ਤੀਜੇ ਦਿਨ 18.75 ਕਰੋੜ, ਚੌਥੇ ਦਿਨ 7 ਕਰੋੜ, ਪੰਜਵੇਂ ਦਿਨ 5.75 ਕਰੋੜ, ਛੇਵੇਂ ਦਿਨ 5 ਕਰੋੜ ਅਤੇ ਸੱਤਵੇਂ ਦਿਨ 4.25 ਕਰੋੜ ਰੁਪਏ ਦੀ ਕਮਾਈ ਕੀਤੀ ਹੈ।

ਇੱਕ ਹਫ਼ਤੇ 'ਚ 'ਰਾਯਨ' ਦੀ ਕੁੱਲ ਕਮਾਈ 74 ਕਰੋੜ ਰੁਪਏ ਰਹੀ ਹੈ। 'ਰਾਯਨ' ਨੇ ਤਾਮਿਲ 'ਚ 49 ਕਰੋੜ ਰੁਪਏ, ਆਂਧਰਾ ਪ੍ਰਦੇਸ਼/ਤੇਲੰਗਾਨਾ 'ਚ 11 ਕਰੋੜ ਰੁਪਏ, ਕਰਨਾਟਕ 'ਚ 7 ਕਰੋੜ ਰੁਪਏ, ਕੇਰਲਾ 'ਚ 4.50 ਕਰੋੜ ਰੁਪਏ ਦੇ ਇਲਾਵਾ ਪੂਰੇ ਭਾਰਤ 'ਚ 2.50 ਕਰੋੜ ਰੁਪਏ ਦੀ ਕੁੱਲ ਕਮਾਈ ਕੀਤੀ ਹੈ। ਇਸ ਦੇ ਨਾਲ ਹੀ ਫ਼ਿਲਮ ਨੇ ਦੁਨੀਆ ਭਰ 'ਚ 100 ਕਰੋੜ ਰੁਪਏ ਦਾ ਅੰਕੜਾ ਛੂਹ ਲਿਆ ਹੈ।

## ਤੁਰਕੀ ਸਰਕਾਰ ਨੇ ਇੰਸਟਾਗ੍ਰਾਮ ਤੇ ਲਾਈ ਪਾਬੰਦੀ




ਤੁਰਕੀ 'ਚ ਸਰਕਾਰ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਇੰਸਟਾਗ੍ਰਾਮ' 'ਤੇ ਪਾਬੰਦੀ ਲਾ ਦਿੱਤੀ। ਇਕ ਪੱਤਰਕਾਰ ਨੇ ਇਹ ਜਾਣਕਾਰੀ ਦਿੱਤੀ। ਦੇਸ਼ 'ਚ ਅੱਜ ਸਵੇਰ ਤੋਂ ਹੀ ਸੋਸ਼ਲ ਨੈੱਟਵਰਕ ਉਪਲੱਬਧ ਨਹੀਂ ਹਨ। ਰੈਗੂਲੇਟਰ ਨੇ ਬਿਨਾਂ ਕੋਈ ਵੇਰਵੇ ਦਿੱਤੇ ਕਿਹਾ, '2 ਅਗਸਤ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਅਥਾਰਟੀ ਦੇ ਫੈਸਲੇ ਰਾਹੀਂ ਇੰਸਟਾਗ੍ਰਾਮ ਡਾਟ ਕਾਮ ਵੈੱਬਸਾਈਟ ਤੱਕ ਪਹੁੰਚ ਨੂੰ ਬਲਾਕ ਕਰ ਦਿੱਤਾ ਗਿਆ ਸੀ।'ਤੁਰਕੀ ਦੇ ਰਾਸ਼ਟਰਪਤੀ ਪ੍ਰਸ਼ਾਸਨ ਦੇ ਸੰਚਾਰ ਡਾਇਰੈਕਟੋਰੇਟ ਦੇ ਮੁਖੀ, ਫਹਿਰੇਟਿਨ ਅਲਟੂਨ ਨੇ 31 ਜੁਲਾਈ ਨੂੰ ਹਮਾਸ ਦੇ ਰਾਜਨੀਤਿਕ ਨੇਤਾ ਇਸਮਾਈਲ ਹਨੀਏਹ ਦੀ ਹੱਤਿਆ ਤੋਂ ਬਾਅਦ ਸ਼ੋਕ ਸੰਦੇਸ਼ਾਂ ਦੇ ਪ੍ਰਸਾਰਣ ਤੋਂ ਉਪਭੋਗਤਾਵਾਂ ਨੂੰ 'ਸਰਗਰਮੀ ਨਾਲ ਰੁਕਾਵਟ' ਪਾਉਣ ਲਈ ਸੋਸ਼ਲ ਨੈੱਟਵਰਕ ਦੀ ਨਿੰਦਾ ਕੀਤੀ। ਹਨੀਏਹ ਦੀ ਹੱਤਿਆ ਦੇ ਵਿਰੋਧ 'ਚ ਤੁਰਕੀ 'ਚ ਅੱਜ ਸਰਕਾਰੀ ਸੋਗ ਦਾ ਐਲਾਨ ਕੀਤਾ ਗਿਆ ਹੈ।


## ਅਮਰੀਕੀ ਚੋਣਾਂ ਨੂੰ ਲੈ ਕੇ ਸੱਟੇਬਾਜ਼ੀ ਦਾ ਬਾਜ਼ਾਰ ਗਰਮ



ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਇਸ ਵਾਰ ਹੋਣ ਵਾਲੀਆਂ ਚੋਣਾਂ ਇਤਿਹਾਸਕ ਹੋਣ ਦੀ ਸੰਭਾਵਨਾ ਹੈ। ਇਸ ਵਾਰ ਇੱਕ ਪਾਸੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਤੋਂ ਚੋਣ ਲੜਨ ਲਈ ਮੈਦਾਨ ਵਿੱਚ ਹਨ। ਦੂਜੇ ਪਾਸੇ ਸੇਵਾਮੁਕਤ ਹੋ ਰਹੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਆਸ਼ੀਰਵਾਦ ਨਾਲ ਮੌਜੂਦਾ ਉਪ - ਰਾਸ਼ਟਰਪਤੀ ਭਾਰਤੀ ਮੂਲ ਦੀ ਕਮਲਾ ਹੈਰਿਸ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ ਵਿਚ ਸ਼ਾਮਲ ਹੋ ਗਈ ਹੈ। ਇਸ ਤੋਂ ਪਹਿਲਾਂ ਕੀਤੇ ਗਏ ਪ੍ਰੀਪੋਲ ਸਰਵੇਖਣ ਨੇ ਮੁੱਖ ਸੂਬਿਆਂ ਵਿੱਚ ਟਰੰਪ ਨੂੰ 54% ਨਾਲ ਅੱਗੇ ਕੀਤਾ ਸੀ। ਜਦੋਂ ਕਿ ਸਿਰਫ 45% ਵੋਟਰ ਕਮਲਾ ਹੈਰਿਸ ਨੂੰ ਗਏ ਸਨ। ਗੋਲੀਬਾਰੀ ਦੀ ਘਟਨਾ ਤੋਂ ਬਾਅਦ, ਟਰੰਪ ਦੀ ਜਿੱਤ ਦੀ ਸੰਭਾਵਨਾ ਬਹੁਤ ਜ਼ਿਆਦਾ ਸੀ, ਪਰ ਉਸ ਘਟਨਾ ਨੂੰ ਹੁਣ ਹੌਲੀ-ਹੌਲੀ ਭੁਲਾਇਆ ਜਾ ਰਿਹਾ ਹੈ। ਇੱਕ ਸਮੇਂ, ਟਰੰਪ ਨੂੰ ਨੇਵਾਡਾ, ਐਰੀਜ਼ੋਨਾ, ਜਾਰਜੀਆ ਅਤੇ ਉੱਤਰੀ ਕੈਰੋਲੀਨਾ ਵਿੱਚ 54% ਵੋਟਰਾਂ ਦੁਆਰਾ ਸਮਰਥਨ ਦਿੱਤਾ ਗਿਆ ਸੀ, ਜਦੋਂ ਕਿ ਕਮਲਾ ਹੈਰਿਸ ਨੇ ਪੈਨਸਿਲਵੇਨੀਆ ਸੂਬੇ ਵਿੱਚ 45% ਵੋਟਾਂ ਜਿੱਤੀਆਂ ਸਨ। ਪਰ ਜਿਵੇਂ-ਜਿਵੇਂ ਚੋਣ ਅੱਗੇ ਵਧਦੀ ਜਾ ਰਹੀ ਹੈ, ਦੋਵਾਂ ਵਿਚਲਾ ਪਾੜਾ ਘੱਟਦਾ ਜਾ ਰਿਹਾ ਹੈ। ਨਤੀਜੇ ਵਜੋਂ, ਵੀਰਵਾਰ ਨੂੰ ਸੱਟੇਬਾਜ਼ੀ ਬਾਜ਼ਾਰ ਵਿੱਚ ਕਮਲਾ ਦੀ ਜਿੱਤ ਲਈ 31,375 ਸੱਟੇ ਲਗਾਏ ਗਏ ਹਨ, ਜਦੋਂ ਕਿ ਟਰੰਪ ਦੀ ਜਿੱਤ ਲਈ 25,985 ਸੱਟੇ ਲਗਾਏ ਗਏ ਹਨ।

ਜ਼ਿਕਰਯੋਗ ਹੈ ਕਿ ਸੱਟੇਬਾਜ਼ੀ ਕੋਈ ਚੰਗੀ ਗੱਲ ਨਹੀਂ ਹੈ, ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਸੱਟੇਬਾਜ਼ਾਂ ਕੋਲ ਵਿਸਥਾਰਪੂਰਵਕ ਜਾਣਕਾਰੀ ਹੁੰਦੀ ਹੈ। ਕਿਉਂਕਿ ਇਸ ਵਿੱਚ ਪੈਸਾ ਜਿੱਤਣਾ ਜਾਂ ਹਾਰਨਾ ਸ਼ਾਮਲ ਹੈ। ਇਸ ਲਈ ਸੱਟੇਬਾਜ਼ ਪੂਰੀ ਤਰ੍ਹਾਂ ਜਾਂਚ ਕਰਦੇ ਹਨ। ਉਨ੍ਹਾਂ ਨੇ ਇਸ ਵਾਰ ਕਮਲਾ ਦੀ ਜਿੱਤ ਦਾ ਪੱਖ ਪੂਰਿਆ ਹੈ।

## ਹਿਜ਼ਬੁੱਲਾ ਨੇ ਹਵਾਈ ਹਮਲੇ ਦੇ ਜਵਾਬ 'ਚ ਕੀਤੇ ਇਜ਼ਰਾਈਲ 'ਤੇ ਰਾਕੇਟ ਹਮਲੇ



ਲੇਬਨਾਨੀ ਅੱਤਵਾਦੀ ਸਮੂਹ ਹਿਜ਼ਬੁੱਲਾ ਨੇ ਐਲਾਨ ਕੀਤਾ ਕਿ ਉਸ ਨੇ ਦੱਖਣੀ ਲੇਬਨਾਨ 'ਤੇ ਹਵਾਈ ਹਮਲੇ ਦੇ ਜਵਾਬ 'ਚ ਇਜ਼ਰਾਈਲੀ ਟਿਕਾਣਿਆਂ 'ਤੇ ਰਾਕੇਟਾਂ ਨਾਲ ਹਮਲਾ ਕੀਤਾ, ਜਿਸ 'ਚ 4 ਸੀਰੀਆਈ ਮਾਰੇ ਗਏ।

ਸਮੂਹ ਨੇ ਕਿਹਾ ਕਿ ਚਾਮਾ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਅਤੇ ਕਈ ਨਾਗਰਿਕਾਂ ਦੀ ਸ਼ਹਾਦਤ ਦੇ ਜਵਾਬ 'ਚ, ਇਸਲਾਮਿਕ ਵਿਰੋਧੀ ਲੜਾਕਿਆਂ ਨੇ ਅੱਜ ਪੱਛਮੀ ਗੈਲਿਲੀ 'ਚ ਦੁਸ਼ਮਣ ਫੌਜ ਦੇ ਟਿਕਾਣਿਆਂ ਅਤੇ ਮਾਤਜ਼ੁਵਾ ਦੀ ਬਸਤੀ 'ਤੇ ਰਾਕੇਟਾਂ ਨਾਲ ਹਮਲਾ ਕੀਤਾ।


ਹਿਜ਼ਬੁੱਲਾ ਨੇ ਕਿਹਾ ਕਿ ਉਸ ਨੇ ਜਲ ਅਲ-ਆਲਮ ਜਗ੍ਹਾ 'ਤੇ ਵੀ ਰਾਕੇਟ ਨਾਲ ਹਮਲਾ ਕੀਤਾ। ਲੇਬਨਾਨ ਦੇ ਫੌਜੀ ਸੂਤਰਾਂ ਨੇ ਦੱਸਿਆ ਕਿ ਲੇਬਨਾਨ ਦੀ ਫੌਜ ਨੇ ਇਜ਼ਰਾਈਲ 'ਚ ਦੋ ਵੱਖ-ਵੱਖ ਬੈਚਾਂ 'ਚ ਲੱਗਭਗ 70 ਜ਼ਮੀਨ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੇ ਰਾਕੇਟ ਦਾਗਣ ਦੀ ਨਿਗਰਾਨੀ ਕੀਤੀ ਅਤੇ ਉਨ੍ਹਾਂ 'ਚੋਂ ਕੁਝ ਨੂੰ ਇਜ਼ਰਾਈਲੀ ਆਇਰਨ ਡੋਮ ਮਿਜ਼ਾਈਲ ਰੱਖਿਆ ਪ੍ਰਣਾਲੀ ਨੇ ਰੋਕ ਦਿੱਤਾ।

ਮੰਗਲਵਾਰ ਨੂੰ ਬੈਰੂਤ ਦੇ ਦੱਖਣੀ ਉਪਨਗਰਾਂ 'ਚ ਦਹੀਏਹ 'ਤੇ ਇਜ਼ਰਾਈਲੀ ਹਮਲੇ ਤੋਂ ਬਾਅਦ ਹਿਜ਼ਬੁੱਲਾ ਅਤੇ ਇਜ਼ਰਾਈਲ ਵਿਚਕਾਰ ਵਧ ਰਹੇ ਤਣਾਅ ਦੌਰਾਨ ਤਾਜ਼ਾ ਹਮਲੇ ਹੋਏ, ਜਿਸ 'ਚ ਹਿਜ਼ਬੁੱਲਾ ਦੇ ਚੋਟੀ ਦੇ ਫੌਜੀ ਕਮਾਂਡਰ ਫਾਦ ਸ਼ੋਕੋਰ ਦੀ ਮੌਤ ਹੋ ਗਈ ਸੀ। ਹਿਜ਼ਬੁੱਲਾ ਦੇ ਸਕੱਤਰ ਜਨਰਲ ਹਸਨ ਨਸਰੱਲਾਹ ਨੇ ਇਜ਼ਰਾਈਲੀ ਹਮਲੇ ਦਾ ਜਵਾਬ ਦੇਣ ਦੀ ਧਮਕੀ ਦਿੱਤੀ ਹੈ।

ਤਹਿਰਾਨ : ਈਰਾਨ ਨੇ ਕਿਹਾ ਹੈ ਕਿ ਇਜ਼ਰਾਈਲ 10 ਮਹੀਨਿਆਂ ਤੋਂ ਗਾਜ਼ਾ ਪੱਟੀ 'ਚ ਖੂਨ-ਖਰਾਬਾ ਅਤੇ ਤਬਾਹੀ ਮਚਾ ਰਿਹਾ ਹੈ ਅਤੇ ਹੁਣ ਉਸ ਨੇ ਆਪਣੇ ਅਪਰਾਧਾਂ ਦੀ ਹੱਦ ਲੇਬਨਾਨ, ਈਰਾਨ ਅਤੇ ਯਮਨ ਤੱਕ ਵਧਾ ਦਿੱਤੀ ਹੈ, ਇਸ ਲਈ ਇਸ ਨੂੰ ਜਲਦੀ ਰੋਕਣਾ ਜ਼ਰੂਰੀ ਹੈ। ਈਰਾਨ ਦੇ ਕਾਰਜਕਾਰੀ ਵਿਦੇਸ਼ ਮੰਤਰੀ ਅਲੀ ਬਾਘੇਰੀ ਕਾਨੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਜ਼ਰਾਈਲ ਨੂੰ ਜੇ ਜਲਦੀ ਨਾ ਰੋਕਿਆ ਗਿਆ ਤਾਂ ਪੱਛਮੀ ਏਸ਼ੀਆ ਅਤੇ ਦੁਨੀਆ ਦੀ ਸ਼ਾਂਤੀ ਖ਼ਤਰੇ 'ਚ ਪੈ ਜਾਵੇਗੀ।

ਕਾਨੀ ਨੇ ਕਿਹਾ ਕਿ ਇਜ਼ਰਾਈਲ ਨੇ ਪਿਛਲੇ 10 ਮਹੀਨਿਆਂ ਤੋਂ ਗਾਜ਼ਾ ਪੱਟੀ ਵਿਚ ਖੂਨ-ਖਰਾਬਾ ਅਤੇ ਤਬਾਹੀ ਮਚਾਈ ਹੋਈ ਹੈ ਅਤੇ ਹੁਣ ਆਪਣੇ ਅਪਰਾਧਾਂ ਦੀ ਹੱਦ ਬੈਰੂਤ, ਤਹਿਰਾਨ ਅਤੇ ਯਮਨ ਤੱਕ ਵਧਾ ਦਿੱਤੀ ਹੈ। ਅਜਿਹੇ 'ਚ ਜੇ ਇਨ੍ਹਾਂ ਅੱਤਵਾਦੀ ਅਪਰਾਧੀਆਂ ਨੂੰ ਨਾ ਰੋਕਿਆ ਗਿਆ ਤਾਂ ਉਹ ਖੇਤਰ ਅਤੇ ਦੁਨੀਆ 'ਚ ਸ਼ਾਂਤੀ ਅਤੇ ਸੁਰੱਖਿਆ ਨੂੰ ਗੰਭੀਰ ਰੂਪ ਨਾਲ ਖਤਰੇ 'ਚ ਪਾ ਦੇਣਗੇ।

## ਫਿਲੀਪੀਨਜ਼ 'ਚ ਆਇਆ 6.8 ਤੀਬਰਤਾ ਦਾ ਭੂਚਾਲ,



ਫਿਲੀਪੀਨਜ਼ ਦੇ ਜਵਾਲਾਮੁਖੀ ਵਿਗਿਆਨ ਅਤੇ ਭੂਚਾਲ ਵਿਗਿਆਨ ਸੰਸਥਾਨ ਨੇ ਦੱਸਿਆ ਕਿ ਦੱਖਣੀ ਫਿਲੀਪੀਨਜ਼ ਦੇ ਸੂਰੀਗਾਓ ਡੇਲ ਸੁਰ ਸੂਬੇ ਵਿਚ ਸ਼ਨੀਵਾਰ ਸਵੇਰੇ 6.8 ਦੀ ਤੀਬਰਤਾ ਵਾਲਾ ਸਮੁੰਦਰੀ ਭੂਚਾਲ ਆਇਆ। ਇੰਸਟੀਚਿਊਟ ਨੇ ਦੱਸਿਆ ਕਿ ਭੂਚਾਲ ਸਵੇਰੇ 6:22 ਵਜੇ ਆਇਆ। ਸਿਨਹੂਆ ਸਮਾਚਾਰ ਏਜੰਸੀ ਨੇ ਦੱਸਿਆ ਕਿ ਸਥਾਨਕ ਸਮੇਂ ਅਨੁਸਾਰ ਲਿੰਗਿਗ ਤੋਂ ਲਗਭਗ 66 ਕਿਲੋਮੀਟਰ ਉੱਤਰ-ਪੂਰਬ ਵਿਚ 9 ਕਿਲੋਮੀਟਰ ਦੀ ਡੂੰਘਾਈ ਵਿਚ ਭੂਚਾਲ ਮਾਪਿਆ ਗਿਆ। ਏਜੰਸੀ ਮੁਤਾਬਕ ਭੂਚਾਲ ਕਾਰਨ ਕਿਸੇ ਵੀ ਕਿਸਮ ਦਾ ਜਾਨੀ ਨੁਕਸਾਨ ਨਹੀਂ ਹੋਇਆ ਹੈ। ਭੂਚਾਲ ਦੇ ਝਟਕੇ ਮਿੰਡਾਨਾਓ ਖੇਤਰ ਦੇ ਕਈ ਸੂਬਿਆਂ ਵਿਚ ਵੀ ਮਹਿਸੂਸ ਕੀਤੇ ਗਏ, ਜਿਨ੍ਹਾਂ ਵਿਚ ਆਗੁਸਨ ਡੇਲ ਸੁਰ, ਦਾਵਾਓ ਡੇ ਓਰੋ, ਦਾਵਾਓ ਸਿਟੀ, ਦਾਵਾਓ ਓਕਸੀਡੈਂਟਲ ਅਤੇ ਇੱਥੋਂ ਤੱਕ ਕਿ ਮੱਧ ਫਿਲੀਪੀਨਜ਼ ਦੇ ਕੁਝ ਖੇਤਰ ਵੀ ਸ਼ਾਮਲ ਹਨ। ਇੰਸਟੀਚਿਊਟ ਨੇ ਕਿਹਾ ਕਿ ਟੈਕਟੋਨਿਕ ਭੂਚਾਲ ਤੋਂ ਬਾਅਦ ਦੇ ਝਟਕੇ ਆਉਣਗੇ ਪਰ ਨੁਕਸਾਨ ਨਹੀਂ ਹੋਵੇਗਾ। ਪੁਰਾਤੱਤਵ ਮਾਹਿਰਾਂ ਮੁਤਾਬਕ ਫਿਲੀਪੀਨਜ਼ ਵਿਚ ਪ੍ਰਸ਼ਾਂਤ "ਰਿੰਗ ਆਫ ਫਾਇਰ" ਦੇ ਨਾਲ ਇਸਦੇ ਸਥਾਨ ਕਾਰਨ ਅਕਸਰ ਭੂਚਾਲ ਦੀਆਂ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ।

## ਨਾਈਜੀਰੀਆ 'ਚ ਆਰਥਿਕ ਸੰਕਟ ਖ਼ਿਲਾਫ਼ ਪ੍ਰਦਰਸ਼ਨ ਦੌਰਾਨ 13 ਲੋਕਾਂ ਦੀ ਮੌਤ



ਨਾਈਜੀਰੀਆ 'ਚ ਆਰਥਿਕ ਸੰਕਟ ਖ਼ਿਲਾਫ਼ ਵਿਆਪਕ ਪ੍ਰਦਰਸ਼ਨਾਂ ਦੌਰਾਨ ਘੱਟ ਤੋਂ ਘੱਟ 13 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ। ਇਕ ਮਨੁੱਖੀ ਅਧਿਕਾਰ ਸਮੂਹ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਕਈ ਸੂਬਿਆਂ 'ਚ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਏ ਹਨ, ਜਿਸ ਕਾਰਨ ਕਈ ਥਾਵਾਂ 'ਤੇ ਕਰਫਿਊ ਦਾ ਐਲਾਨ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਬੰਬ ਧਮਾਕੇ 'ਚ ਚਾਰ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦੇਸ਼ ਭਰ 'ਚ ਸੈਂਕੜੇ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਦਰਮਿਆਨ ਨਾਈਜੀਰੀਅਨ ਪੁਲਸ ਨੇ ਕਿਹਾ ਕਿ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਦੀ ਭੰਨ-ਤੋੜ ਕਰਨ ਅਤੇ ਲੁੱਟ-ਖੋਹ ਕਾਰਨ ਉੱਤਰੀ ਸੂਬਿਆਂ ਕਾਨੋ ਅਤੇ ਕਟਸੀਨਾ 'ਚ 300 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਰਫਿਊ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਕ ਪੁਲਸ ਅਧਿਕਾਰੀ ਦੀ ਵੀ ਮੌਤ ਹੋਈ ਹੈ ਅਤੇ ਕਈ ਹੋਰ ਜ਼ਖਮੀ ਹੋਏ ਹਨ। ਪ੍ਰਦਰਸ਼ਨਕਾਰੀ ਵਧ ਰਹੇ ਆਰਥਿਕ ਸੰਕਟ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ।

## ਅਮਰੀਕਾ ਨੇ TikTok ਖ਼ਿਲਾਫ਼ ਦਾਇਰ ਕੀਤਾ ਕੇਸ

ਅਮਰੀਕਾ ਦੇ ਨਿਆਂ ਵਿਭਾਗ ਨੇ ਸ਼ੁੱਕਰਵਾਰ ਨੂੰ ਟਿਕਟਾਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਵਿਚ ਕੰਪਨੀ 'ਤੇ ਬੱਚਿਆਂ ਦੇ ਆਨਲਾਈਨ ਪ੍ਰਾਈਵੇਸੀ ਕਾਨੂੰ ਦੀ ਉਲੰਘਣਾ ਕਰਨ ਅਤੇ ਇਕ ਹੋਰ ਸੰਘੀ ਏਜੰਸੀ ਨਾਲ ਹੋਏ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਕੈਲੀਫੋਰਨੀਆ ਦੀ ਇਕ ਸੰਘੀ ਅਦਾਲਤ ਵਿਚ ਫੈਡਰਲ ਟ੍ਰੇਡ ਕਮਿਸ਼ਨ ਦੇ ਨਾਲ ਮਿਲ ਕੇ ਇਹ ਸ਼ਿਕਾਇਤ ਅਜਿਹੇ ਸਮੇਂ ਵਿਚ ਦਰਜ ਕੀਤੀ ਗਈ ਹੈ, ਜਦੋਂ ਅਮਰੀਕਾ ਅਤੇ ਪ੍ਰਮੁੱਖ ਸੋਸ਼ਲ ਮੀਡੀਆ ਕੰਪਨੀ ਇਕ ਹੋਰ ਕਾਨੂੰਨੀ ਲੜਾਈ ਵਿਚ ਉਲਝੇ ਹੋਏ ਹਨ, ਜੋ ਇਹ ਨਿਰਧਾਰਤ ਕਰੇਗੀ ਕਿ ਕੀ ਟਿਕਟਾਕ ਦੇਸ਼ ਵਿਚ ਕੰਮ ਕਰਨਾ ਜਾਰੀ ਰੱਖ ਸਕੇਗੀ ਜਾਂ ਨਹੀਂ? ਹਾਲੀਆ ਮੁਕੱਦਮਾ ਯੁਵਾ ਖਪਤਕਾਰਾਂ ਵਿਚਾਲੇ ਪ੍ਰਸਿੱਧ ਮੰਚ ਟਿਕਟਾਕ ਅਤੇ ਇਸ ਦੀ ਚੀਨ ਸਥਿਤ ਮੂਲ ਕੰਪਨੀ ਬਾਈਟਡਾਂਸ ਦੇ ਇਕ ਸੰਘੀ ਕਾਨੂੰਨ ਦੀ ਉਲੰਘਣਾ ਨੂੰ ਲੈ ਕੇ ਹੈ। ਕਾਨੂੰਨ ਅਨੁਸਾਰ, ਬੱਚਿਆਂ ਨਾਲ ਸਬੰਧਤ ਐਪਾਂ ਅਤੇ ਵੈੱਬਸਾਈਟਾਂ ਨੂੰ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਨ ਤੋਂ ਪਹਿਲਾਂ ਮਾਪਿਆਂ ਦੀ ਸਹਿਮਤੀ ਲੈਣ ਦੀ ਲੋੜ ਹੁੰਦੀ ਹੈ। ਇਸ ਮਾਮਲੇ 'ਤੇ ਟਿਕਟਾਕ ਤੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ।



## ਜ਼ੁਕਰਬਰਗ ਨੇ ਮੇਰੇ ਤੋਂ ਮੰਗੀ ਮੁਆਫ਼ੀ, ਕਿਹਾ- ਕਿਸੇ ਵੀ ਡੈਮੋਕ੍ਰੇਟ ਦਾ ਸਮਰਥਨ ਨਹੀਂ ਕਰਾਂਗਾ




ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਫੇਸਬੁੱਕ ਦੇ ਸੰਸਥਾਪਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਮਾਰਕ ਜ਼ੁਕਰਬਰਗ ਨੇ ਹਾਲ ਹੀ ਵਿਚ ਉਨ੍ਹਾਂ ਨਾਲ ਸਬੰਧਤ ਸਮੱਗਰੀ 'ਤੇ ਪਾਬੰਦੀ ਲਗਾਉਣ ਲਈ ਮੁਆਫ਼ੀ ਮੰਗੀ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਉਹ “ ਕਿਸੇ ਵੀ ਡੈਮੋਕਰੇਟਿਕ ਦਾ ਸਮਰਥਨ ਨਹੀਂ ਕਰੇਗਾ। ਸ਼ੁੱਕਰਵਾਰ ਨੂੰ ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ, ਟਰੰਪ ਨੇ ਕਿਹਾ, “ਮਾਰਕ ਜ਼ੁਕਰਬਰਗ ਨੇ ਮੈਨੂੰ ਫੋਨ ਕੀਤਾ। ਮੈਂ ਦੱਸਣਾ ਚਾਹਾਂਗਾ ਕਿ ਉਸਨੇ ਮੈਨੂੰ ਕਈ ਵਾਰ ਫੋਨ ਕੀਤਾ। ਉਸਨੇ ਮੈਨੂੰ ਰੈਲੀ (ਪੈਨਸਿਲਵੇਨੀਆ ਵਿੱਚ) ਤੋਂ ਬਾਅਦ ਉਸਨੇ ਮੈਨੂੰ ਫੋਨ ਕੀਤਾ ਅਤੇ ਕਿਹਾ ਕਿ ਇਹ ਸੱਚਮੁੱਚ ਹੈਰਾਨੀਜਨਕ ਸੀ, ਇਹ ਬਹੁਤ ਬਹਾਦਰੀ ਭਰਿਆ ਸੀ।” ਸਾਬਕਾ ਰਾਸ਼ਟਰਪਤੀ ਨੇ ਕਿਹਾ “ਜ਼ੁਕਰਬਰਗ ਨੇ ਅਸਲ ਵਿੱਚ ਭਰੋਸਾ ਦਿੱਤਾ ਕਿ ਉਹ ਕਿਸੇ ਵੀ ਡੈਮੋਕਰੇਟ ਦਾ ਸਮਰਥਨ ਨਹੀਂ ਕਰੇਗਾ ਕਿਉਂਕਿ ਉਹ ਅਜਿਹਾ ਨਹੀਂ ਕਰ ਸਕਦਾ, ਕਿਉਂਕਿ ਉਸ ਦਿਨ ਮੈਂ ਜੋ ਕੀਤਾ, ਉਸ ਲਈ ਉਹ ਮੇਰਾ ਸਤਿਕਾਰ ਕਰਦਾ ਹੈ।" ਉਸ ਨੇ ਕਿਹਾ "ਉਹ ਇਸ 'ਤੇ ਕੰਮ ਕਰ ਰਹੇ ਹਨ ਅਤੇ ਮੈਨੂੰ ਲਗਦਾ ਹੈ ਕਿ ਉਨ੍ਹਾਂ ਨੇ ਇਸ ਨੂੰ ਠੀਕ ਕਰ ਲਿਆ ਹੈ। ਉਹ (ਜ਼ੁਕਰਬਰਗ) ਪੰਜ ਸਾਲ ਪਹਿਲਾਂ 50 ਕਰੋੜ ਅਮਰੀਕੀ ਡਾਲਰ ਲੈ ਕੇ ਜੋ ਕੀਤਾ ਸੀ ਉਸ ਨੂੰ ਨਹੀਂ ਦੁਹਰਾ ਰਿਹਾ ਹੈ। ਮੈਨੂੰ ਯਕੀਨ ਹੈ ਕਿ ਉਹ ਅਜਿਹਾ ਨਹੀਂ ਕਰ ਰਿਹਾ ਹੈ। "


# ਭਾਰਤ ਵਿੱਚ ਦੇਵੀ ਸ਼ਕਤੀ ਦੇ ਸਭ ਤੋਂ ਮਸ਼ਹੂਰ ਮੰਦਰ



ਦਕਸ਼ੀਨੇਸ਼ਵਰ ਕਾਲੀ ਮੰਦਿਰ ਦੇਵੀ ਕਾਲੀ ਦਾ ਸਭ ਤੋਂ ਮਸ਼ਹੂਰ ਮੰਦਰ ਹੈ। ਇਹ ਪੱਛਮੀ ਬੰਗਾਲ ਦੇ ਦਕਸ਼ੀਨੇਸ਼ਵਰ ਵਿੱਚ ਹੁਗਲੀ ਨਦੀ ਦੇ ਕੰਢੇ ਸਥਿਤ ਹੈ। ਇਹ ਮੰਦਰ ਮਾਤਾ ਭਵਤਾਰਿਣੀ ਨੂੰ ਸਮਰਪਿਤ ਹੈ, ਜੋ ਕਿ ਦੇਵੀ ਕਾਲੀ ਦੇ ਰੂਪਾਂ ਵਿੱਚੋਂ ਇੱਕ ਹੈ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਮੰਦਰ ਦੇ ਦਰਸ਼ਨ ਕਰਨ ਆਉਂਦੇ ਹਨ। ਇਸ ਤੋਂ ਇਲਾਵਾ, ਦੁਰਗਾ ਪੂਜਾ ਤਿਉਹਾਰ ਦੌਰਾਨ, ਮੰਦਰ ਪੂਰੇ ਭਾਰਤ ਅਤੇ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂਆਂ ਨੂੰ ਖਿੱਚਦਾ ਹੈ।



ਚਾਮੁੰਡਾ ਦੇਵੀ ਮੰਦਿਰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਭਾਰਤ ਦੇ ਪ੍ਰਮੁੱਖ ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਦੇਵੀ ਮਾਤਾ ਦਾ ਆਸ਼ੀਰਵਾਦ ਲੈਣ ਲਈ ਪਵਿੱਤਰ ਮੰਦਰ ਵਿੱਚ ਇਕੱਠੇ ਹੁੰਦੇ ਹਨ।



ਸ਼ਾਰਦਾ ਮਾਤਾ ਮੰਦਿਰ ਜਿਸ ਨੂੰ "ਮੈਹਰ ਵਾਲੀ ਮਾਤਾ" ਮੰਦਿਰ ਵੀ ਕਿਹਾ ਜਾਂਦਾ ਹੈ, ਮੱਧ ਪ੍ਰਦੇਸ਼ ਰਾਜ ਵਿੱਚ ਮਾਈਹਰ ਵਿਖੇ ਸਥਿਤ ਹੈ। ਇਹ ਮੰਦਰ 51 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਇਹ ਸਾਰਾ ਸਾਲ ਲੱਖਾਂ ਸ਼ਰਧਾਲੂਆਂ ਦੁਆਰਾ ਦਰਸ਼ਨ ਕੀਤਾ ਜਾਂਦਾ ਹੈ। ਮੰਦਿਰ ਖਾਸ ਤੌਰ 'ਤੇ ਸਿਖਰ ਲਈ 1063 ਪੌੜੀਆਂ ਲਈ ਮਸ਼ਹੂਰ ਹੈ।




ਵਿਸ਼ਵ ਪ੍ਰਸਿੱਧ ਜਵਾਲਾਜੀ ਦੇਵੀ ਮੰਦਿਰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਨੂੰ 51 ਸ਼ਕਤੀ ਪੀਠਾਂ ਵਿੱਚੋਂ ਗਿਣਿਆ ਜਾਂਦਾ ਹੈ। ਦੇਵੀ ਦਾ ਨਾਮ "ਜਵਾਲਾਜੀ" ਹੈ ਕਿਉਂਕਿ ਇੱਥੇ ਮੰਦਰ ਦੇ ਗਰਭਗ੍ਰਹਿ ਤੋਂ ਹਮੇਸ਼ਾ ਅੱਗ ਦੀਆਂ ਲਾਟਾਂ ਬਲਦੀਆਂ ਹਨ।




ਮਹਾਲਕਸ਼ਮੀ ਮੰਦਿਰ ਨੂੰ 51 ਸ਼ਕਤੀ ਪੀਠਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਮਹਾਰਾਸ਼ਟਰ ਦੇ ਕੋਲਹਾਪੁਰ ਸ਼ਹਿਰ ਵਿੱਚ ਸਥਿਤ ਹੈ। "ਕਿਰਨੋਸਤਵ" ਤਿਉਹਾਰ ਦੇਵੀ ਸ਼ਕਤੀ ਦੇ ਇਸ ਪਵਿੱਤਰ ਮੰਦਰ ਦੇ ਪ੍ਰਮੁੱਖ ਜਸ਼ਨਾਂ ਵਿੱਚੋਂ ਇੱਕ ਹੈ। ਮੰਦਰ ਵਿੱਚ ਸਾਰਾ ਸਾਲ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ।



ਅੰਬਾਜੀ ਮਾਤਾ ਦਾ ਮੰਦਰ ਸਭ ਤੋਂ ਮਹੱਤਵਪੂਰਨ ਹਿੰਦੂ ਮੰਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਮੰਦਰ ਦੇਵੀ ਅੰਬਾ ਮਾਤਾ ਨੂੰ ਸਮਰਪਿਤ ਹੈ। ਇਹ 51 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ ਜੋ ਗੁਜਰਾਤ ਰਾਜ ਦੇ ਬਨਾਸਕਾਂਠਾ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਮਾਊਂਟ ਆਬੂ ਦੇ ਮਸ਼ਹੂਰ ਹਿੱਲ ਸਟੇਸ਼ਨ ਦੇ ਨੇੜੇ ਹੈ।



ਤਾਰਾ ਤਾਰਿਣੀ ਮੰਦਿਰ ਨੂੰ ਭਾਰਤ ਦੇ ਸਭ ਤੋਂ ਪ੍ਰਾਚੀਨ ਸ਼ਕਤੀ ਕੇਂਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਜੁੜਵਾਂ ਦੇਵੀ ਤਾਰਾ ਅਤੇ ਤਾਰਿਣੀ ਨੂੰ ਸਮਰਪਿਤ ਹੈ ਜਿਨ੍ਹਾਂ ਨੂੰ ਦੇਵੀ ਦੁਰਗਾ ਦਾ ਪ੍ਰਗਟਾਵਾ ਮੰਨਿਆ ਜਾਂਦਾ ਹੈ। ਇਹ ਮਾਤਾ ਦੇਵੀ ਦੇ ਸਭ ਤੋਂ ਪੁਰਾਣੇ ਤੀਰਥ ਸਥਾਨਾਂ ਵਿੱਚੋਂ ਇੱਕ ਹੈ ਅਤੇ ਭਾਰਤ ਵਿੱਚ ਚਾਰ ਪ੍ਰਮੁੱਖ ਪ੍ਰਾਚੀਨ ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਇਹ ਉੜੀਸਾ ਰਾਜ ਵਿੱਚ ਪਵਿੱਤਰ ਤਰਾਤਰਿਨੀ ਪਹਾੜੀ ਉੱਤੇ ਸਥਿਤ ਹੈ।



ਸਪਤਸ਼ਰੰਗੀ ਦੇਵੀ ਮੰਦਿਰ ਮਹਾਰਾਸ਼ਟਰ ਵਿੱਚ ਵਾਣੀ ਵਿੱਚ ਸਥਿਤ ਹੈ, ਜੋ ਕਿ ਨਾਸਿਕ ਦੇ ਨੇੜੇ ਹੈ। ਇਹ ਮੰਦਰ ਭਾਰਤੀ ਉਪ-ਮਹਾਂਦੀਪ ਵਿੱਚ ਸਥਿਤ 51 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਇੱਥੇ ਦੇਵੀ ਮਾਂ ਦੀ ਮੂਰਤੀ 10 ਫੁੱਟ ਉੱਚੀ ਹੈ ਜਿਸ ਦੇ 18 ਹੱਥ ਹਨ ਅਤੇ ਵੱਖ-ਵੱਖ ਹਥਿਆਰ ਹਨ। ਹਰ ਸਾਲ ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ।



ਕਾਮਾਖਿਆ ਮੰਦਿਰ ਅਸਾਮ ਰਾਜ ਦੇ ਗੁਹਾਟੀ ਸ਼ਹਿਰ ਵਿੱਚ ਨੀਲਾਚਲ ਦੀਆਂ ਪਹਾੜੀਆਂ ਉੱਤੇ ਸਥਿਤ ਹੈ। ਇਸ ਮੰਦਰ ਨੂੰ ਭਾਰਤ ਦੇ 51 ਸ਼ਕਤੀ ਪੀਠਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਦੇਵੀ ਮਾਂ ਦਾ ਇੱਕ ਹੋਰ ਰੂਪ ਕਾਮਾਖਿਆ ਦੇਵੀ ਨੂੰ ਸਮਰਪਿਤ ਹੈ। "ਅੰਬੂਬਾਚੀ ਮੇਲਾ" ਤਿਉਹਾਰ ਇੱਥੇ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਮੰਦਰਾਂ ਵਿੱਚ ਹਰ ਸਾਲ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ।

ਧਾਰੀ ਦੇਵੀ ਮੰਦਿਰ ਨੂੰ ਭਾਰਤ ਵਿੱਚ ਮਾਤਾ ਦੇਵੀ ਦੇ ਸਭ ਤੋਂ ਪਵਿੱਤਰ ਅਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਮੰਦਰ ਉੱਤਰਾਖੰਡ ਦੇ ਗੜ੍ਹਵਾਲ ਖੇਤਰ ਵਿੱਚ ਅਲਕਨੰਦਾ ਨਦੀ ਦੇ ਕਿਨਾਰੇ ਸਥਿਤ ਹੈ। ਇਹ ਸ਼੍ਰੀਨਗਰ ਅਤੇ ਰੁਦਰਪ੍ਰਯਾਗ ਦੇ ਨੇੜੇ ਹੈ।

